ਸੁਖਵੰਤ ਹੁੰਦਲ ਨਾਲ ਮੁਲਾਕਾਤ

# ਸਮਾਜ ਨੂੰ ਬਿਹਤਰ ਬਣਾਉਣ ਵਿੱਚ ਨਿੱਗਰ ਯੋਗਦਾਨ ਪਾਉਣ ਵਾਲਾ ਸੁਖਵੰਤ ਹੁੰਦਲ

ਮੁਲਾਕਾਤੀ: ਮੋਹਨ ਗਿੱਲ

ਜੂਨ 2026

# ਸਮਾਜ ਨੂੰ ਬਿਹਤਰ ਬਣਾਉਣ ਵਿੱਚ ਨਿੱਗਰ ਯੋਗਦਾਨ ਪਾਉਣ ਵਾਲਾ ਸੁਖਵੰਤ ਹੁੰਦਲ

**ਮੁਲਾਕਾਤੀ-ਮੋਹਨ ਗਿੱਲ**

**(ਇਹ ਮੁਲਾਕਾਤ ਪਹਿਲੀ ਵਾਰੀ ਪਰਵਾਸ ਮੈਗਜ਼ੀਨ ਦੇ ਜਨਵਰੀ-ਮਾਰਚ 2026 ਦੇ ਅੰਕ ਵਿੱਚ ਛਪੀ ਸੀ।)**

**ਸਵਾਲ:** ਸੁਖਵੰਤ ਹੁੰਦਲ ਜੀ ਮੈਂ 'ਪਰਵਾਸ' ਵਲੋਂ ਜੀ ਆਇਆਂ ਨੂੰ ਕਹਿੰਦਾ ਹੋਇਆ ਸਮਾਂ ਦੇਣ ਲਈ ਧੰਨਵਾਦ ਕਰਦਾ ਹਾਂ। ਸਭ ਤੋਂ ਪਹਿਲਾਂ ਭਾਰਤ ਦੇ ਪੰਜਾਬ ਵਿੱਚ ਆਪਣੇ ਪਿੰਡ, ਵਿਦਿਆ ਅਤੇ ਜੀਵਨ ਬਾਰੇ ਜਾਣਕਾਰੀ ਦਿਉ।

**ਜਵਾਬ:** ਮੇਰਾ ਜਨਮ 18 ਜੁਲਾਈ 1956 ਨੂੰ ਕਸੌਲੀ ਵਿਖੇ ਮਾਤਾ ਹਰਬੰਸ ਕੌਰ ਅਤੇ ਪਿਤਾ ਸ਼ਿਵਦੇਵ ਸਿੰਘ ਦੇ ਘਰ ਹੋਇਆ। ਇਸ ਸਮੇਂ ਕਸੌਲੀ ਹਿਮਾਚਲ ਪ੍ਰਦੇਸ਼ ਵਿੱਚ ਹੈ, ਪਰ ਮੇਰੇ ਜਨਮ ਸਮੇਂ ਇਹ ਪੰਜਾਬ ਵਿੱਚ ਹੀ ਸੀ। ਮੇਰੇ ਪਿਤਾ ਜੀ ਕੇਂਦਰ ਸਰਕਾਰ ਦੇ ਇਕ ਮਹਿਕਮੇ, ਮਿਲਟਰੀ ਡੇਅਰੀ ਫਾਰਮ ਵਿੱਚ ਮੁਲਾਜ਼ਮ ਸਨ ਅਤੇ ਮੇਰੇ ਜਨਮ ਸਮੇਂ ਉਹਨਾਂ ਦੀ ਪੋਸਟਿੰਗ ਕਸੌਲੀ ਵਿੱਚ ਸੀ। ਆਪਣੀ ਪੜ੍ਹਾਈ ਮੈਂ ਆਗਰੇ ਵਿੱਚ ਸ਼ੁਰੂ ਕੀਤੀ, ਹਿੰਦੀ ਮੀਡੀਅਮ ਸਕੂਲ ਵਿੱਚ। ਉਸ ਸਮੇਂ ਮੇਰੇ ਪਿਤਾ ਜੀ ਦੀ ਪੋਸਟਿੰਗ ਆਗਰੇ ਦੀ ਸੀ। ਆਗਰੇ ਵਿੱਚ ਮੈਂ ਕਿੰਡਰਗਾਰਟਨ ਕੀਤੀ। ਫਿਰ ਮੇਰੇ ਪਿਤਾ ਜੀ ਦੀ ਬਦਲੀ ਭਾਰਤ ਦੇ ਦੱਖਣ ਵਿੱਚ ਤਾਮਿਲਨਾਡੂ ਵਿੱਚ ਸਥਿਤ ਸ਼ਹਿਰ ਵਿਲਿੰਗਟਨ ਦੀ ਹੋ ਗਈ, ਜਿੱਥੇ ਫੌਜੀ ਅਫਸਰਾਂ ਦੀ ਟ੍ਰੇਨਿੰਗ ਲਈ ਡਿਫੈਂਸ ਸਰਵਿਸਜ਼ ਕਾਲਜ ਹੈ।

ਵਿਲਿੰਗਟਨ ਵਿੱਚ ਸਕੂਲ ਦੀ ਪੜ੍ਹਾਈ ਦੀ ਭਾਸ਼ਾ ਤਾਮਿਲ ਸੀ। ਉੱਥੇ ਕੋਈ ਹਿੰਦੀ ਮੀਡੀਅਮ ਸਕੂਲ ਨਹੀਂ ਸੀ। ਇਸ ਲਈ ਉਹ ਸਾਨੂੰ (ਬੱਚਿਆਂ ਨੂੰ) ਆਪਣੇ ਨਾਲ ਉੱਥੇ ਨਹੀਂ ਲਿਜਾ ਸਕਦੇ ਸੀ। ਇਸ ਸਥਿਤੀ ਵਿੱਚ ਸਾਡੇ ਮਾਤਾ ਪਿਤਾ ਨੇ ਇਹ ਫੈਸਲਾ ਕੀਤਾ ਕਿ ਜਿੰਨਾ ਚਿਰ ਤੱਕ ਪਿਤਾ ਜੀ ਦੀ ਬਦਲੀ ਕਿਸੇ ਅਜਿਹੀ ਥਾਂ ਨਹੀਂ ਹੋ ਜਾਂਦੀ, ਜਿੱਥੇ ਹਿੰਦੀ ਵਿੱਚ ਪੜ੍ਹਾਈ ਹੁੰਦੀ ਹੋਵੇ, ਉਨੀ ਦੇਰ ਤੱਕ ਅਸੀਂ (ਮਾਂ ਅਤੇ ਬੱਚੇ) ਪੰਜਾਬ ਆਪਣੇ ਪਿੰਡ ਚਲੇ ਜਾਈਏ। ਨਤੀਜੇ ਵਜੋਂ ਅਸੀਂ ਪੰਜਾਬ ਵਿੱਚ ਆਪਣੇ

ਜੱਦੀ ਪਿੰਡ ਮਹੱਦੀਪੁਰ ਜੱਟਾਂ, ਜ਼ਿਲ੍ਹਾ ਜਲੰਧਰ ਵਿਖੇ ਆ ਗਏ। ਇੱਥੇ ਆ ਕੇ ਸਾਨੂੰ ਬੱਚਿਆਂ ਨੂੰ ਸਾਡੇ ਪਿੰਡ ਤੋਂ ਮੀਲ ਕੁ ਦੀ ਦੂਰੀ `ਤੇ ਪੈਂਦੇ ਕਸਬੇ ਸ਼ਾਮ ਚੁਰਾਸੀ ਵਿੱਚ ਪੜ੍ਹਨ ਲਾ ਦਿੱਤਾ ਗਿਆ। ਕਿਉਂਕਿ ਘਰਦਿਆਂ ਦਾ ਫੈਸਲਾ ਇਹ ਸੀ ਕਿ ਜਦੋਂ ਪਿਤਾ ਜੀ ਦੀ ਬਦਲੀ ਕਿਸੇ ਅਜਿਹੀ ਥਾਂ ਹੋ ਗਈ ਜਿੱਥੇ ਹਿੰਦੀ ਵਿੱਚ ਪੜ੍ਹਾਈ ਹੁੰਦੀ ਹੋਵੇ, ਤਾਂ ਅਸੀਂ ਫਿਰ ਉਹਨਾਂ ਕੋਲ ਚਲੇ ਜਾਵਾਂਗੇ, ਇਸ ਲਈ ਸਾਨੂੰ ਸ਼ਾਮ ਚੁਰਾਸੀ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਹਿੰਦੀ ਮੀਡੀਅਮ ਵਿੱਚ ਪੜ੍ਹਾਈ ਦਾ ਵੀ ਪ੍ਰਬੰਧ ਸੀ। ਅਤੇ ਅਸੀਂ ਹਿੰਦੀ ਮੀਡੀਅਮ ਵਿੱਚ ਪੜ੍ਹਨਾ ਸ਼ੁਰੂ ਕਰ ਦਿੱਤਾ। ਚੌਥੀ ਜਮਾਤ ਤੋਂ ਮੈਂ ਪੰਜਾਬੀ ਪੜ੍ਹਨੀ ਲਿਖਣੀ ਸ਼ੁਰੂ ਕੀਤੀ ਕਿਉਂਕਿ ਉਸ ਸਮੇਂ ਪੜ੍ਹਾਈ ਦੀ ਨੀਤੀ ਅਨੁਸਾਰ ਚੌਥੀ ਜਮਾਤ ਵਿੱਚ ਦੂਜੀ ਭਾਸ਼ਾ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਸੀ। ਪੰਜਾਬੀ ਮਾਧਿਅਮ ਦੇ ਸਕੂਲਾਂ ਵਿੱਚ ਹਿੰਦੀ ਦੂਜੀ ਭਾਸ਼ਾ ਵਜੋਂ ਪੜ੍ਹਾਈ ਜਾਂਦੀ ਸੀ ਅਤੇ ਹਿੰਦੀ ਮਾਧਿਅਮ ਦੇ ਸਕੂਲਾਂ ਵਿੱਚ ਪੰਜਾਬੀ ਦੂਜੀ ਭਾਸ਼ਾ ਵਜੋਂ ਪੜ੍ਹਾਈ ਜਾਂਦੀ ਸੀ।

ਛੇਵੀਂ ਜਮਾਤ ਤੱਕ ਮੈਂ ਆਪਣੇ ਜੱਦੀ ਪਿੰਡ ਰਹਿ ਕੇ ਸ਼ਾਮ ਚੁਰਾਸੀ ਵਿੱਚ ਹਿੰਦੀ ਮਾਧਿਅਮ ਵਿੱਚ ਪੜ੍ਹਾਈ ਕੀਤੀ। ਫਿਰ ਸੰਨ 1967 ਵਿੱਚ ਪਿਤਾ ਜੀ ਦੀ ਬਦਲੀ ਮਹਾਰਾਸ਼ਟਰ ਦੇ ਸ਼ਹਿਰ ਅਹਿਮਦ ਨਗਰ ਦੀ ਹੋ ਗਈ ਅਤੇ ਅਸੀਂ ਉਹਨਾਂ ਕੋਲ ਅਹਿਮਦ ਨਗਰ ਚਲੇ ਗਏ। ਉੱਥੇ ਇਕ ਸਾਲ ਸੱਤਵੀਂ ਜਮਾਤ ਦੀ ਪੜ੍ਹਾਈ ਕੀਤੀ। ਅਹਿਮਦ ਨਗਰ ਵਿੱਚ ਰਹਿੰਦਿਆਂ ਮਾਤਾ ਪਿਤਾ ਨੇ ਇਹ ਫੈਸਲਾ ਕੀਤਾ ਕਿ ਪਿਤਾ ਜੀ ਨੂੰ ਨੌਕਰੀ ਛੱਡ ਕੇ ਕੈਨੇਡਾ ਚਲੇ ਜਾਣਾ ਚਾਹੀਦਾ ਹੈ। ਮੇਰਾ ਨਾਨਕਿਆਂ ਦਾ ਪਰਿਵਾਰ ਕਾਫੀ ਲੰਮੇ ਸਮੇਂ ਤੋਂ ਕੈਨੇਡਾ ਰਹਿੰਦਾ ਸੀ। ਮੇਰਾ ਪੜਨਾਨਾ 1930 ਵਿਆਂ ਵਿੱਚ ਕੈਨੇਡਾ ਆਇਆ ਸੀ ਅਤੇ 1967 ਵਿੱਚ ਮੇਰੇ ਚਾਰ ਮਾਮੇ ਅਤੇ ਇਕ ਮਾਸੀ ਕੈਨੇਡਾ ਵਿੱਚ ਰਹਿੰਦੇ ਸੀ। ਉਸ ਸਮੇਂ ਦੇ ਕਾਨੂੰਨਾਂ ਅਨੁਸਾਰ ਕੈਨੇਡਾ ਵਿੱਚ ਰਹਿ ਰਿਹਾ ਕੋਈ ਵੀ ਵਿਅਕਤੀ ਆਪਣੇ ਸਕੇ ਭੈਣ-ਭਰਾਵਾਂ ਨੂੰ ਸਪਾਂਸਰ ਕਰਕੇ ਕੈਨੇਡਾ ਮੰਗਵਾ ਸਕਦਾ ਸੀ। ਇਸ ਲਈ ਸਾਡਾ ਪਰਿਵਾਰ ਕੈਨੇਡਾ ਆ ਸਕਦਾ ਸੀ। ਮਾਤਾ ਪਿਤਾ ਦੇ ਇਸ ਫੈਸਲੇ ਤੋਂ ਬਾਅਦ, ਪਿਤਾ ਜੀ ਨੇ ਨੌਕਰੀ ਛੱਡ ਦਿੱਤੀ ਅਤੇ ਸੰਨ 1968 ਵਿੱਚ ਅਸੀਂ ਸਾਰਾ ਪਰਿਵਾਰ ਵਾਪਸ ਪੰਜਾਬ ਆ ਗਏ। ਇਸ ਵਾਰੀ ਮਾਤਾ ਪਿਤਾ ਨੇ ਸਾਡੇ ਜੱਦੀ ਪਿੰਡ ਰਹਿਣ ਦੀ ਥਾਂ ਪਿੰਡ ਕਿੰਗਰਾ ਚੋਅ ਵਾਲਾ, ਜ਼ਿਲ੍ਹਾ ਜ਼ਲੰਧਰ ਵਿੱਚ ਰਹਿਣ ਦਾ ਫੈਸਲਾ ਕੀਤਾ, ਜਿੱਥੇ ਸਾਨੂੰ ਬਾਰ ਵਿਚਲੀ ਜ਼ਮੀਨ ਦੇ ਬਦਲੇ ਜ਼ਮੀਨ ਅਲਾਟ ਹੋਈ ਸੀ ਅਤੇ ਉੱਥੇ ਮੇਰੇ ਚਾਚਾ ਜੀ ਖੇਤੀ ਕਰਦੇ ਸਨ।

ਪਿੰਡ ਕਿੰਗਰਾ ਚੋਅ ਵਾਲਾ ਵਿੱਚ ਆਉਣ ਤੋਂ ਬਾਅਦ ਮੈਨੂੰ ਸਾਡੇ ਪਿੰਡ ਤੋਂ 4-5 ਮੀਲ ਦੀ ਦੂਰੀ `ਤੇ ਪੈਂਦੇ ਸਿਖ ਨੈਸ਼ਨਲ ਹਾਈ ਸਕੂਲ ਦੋਲੀਕੇ-ਦੂਹੜੇ ਪੜ੍ਹਨ ਪਾਇਆ ਗਿਆ। ਇਹ ਪੰਜਾਬੀ ਮਾਧਿਅਮ ਦਾ ਸਕੂਲ ਸੀ। ਸੋ ਅੱਠਵੀਂ ਵਿੱਚ ਮੈਂ ਪੰਜਾਬੀ ਮਾਧਿਅਮ ਵਿੱਚ ਪੜ੍ਹਾਈ ਸ਼ੁਰੂ ਕੀਤੀ। ਇਸ ਸਕੂਲ ਤੋਂ ਮੈਂ 1971 ਵਿੱਚ ਦਸਵੀਂ ਪਾਸ ਕੀਤੀ।

ਦਸਵੀਂ ਪਾਸ ਕਰਨ ਤੋਂ ਬਾਅਦ ਮੈਂ ਲਾਇਲਪੁਰ ਖਾਲਸਾ ਕਾਲਜ, ਜਲੰਧਰ ਪ੍ਰੈੱਪ ਵਿੱਚ ਦਾਖਲਾ ਲੈ ਲਿਆ। ਪੜ੍ਹਾਈ ਦੇ ਵਿਸ਼ੇ ਚੁਣੇ ਮੈਡੀਕਲ ਨਾਲ ਸੰਬੰਧਿਤ। ਪਰ ਕਾਲਜ ਵਿੱਚ ਪੜ੍ਹਨ ਵੱਲ ਘੱਟ ਹੀ ਧਿਆਨ ਦਿੱਤਾ। ਸੰਨ 1970 ਵਿੱਚ ਪਿਤਾ ਜੀ ਕੈਨੇਡਾ ਆ ਗਏ ਸਨ ਅਤੇ ਇਹ ਪੱਕਾ ਸੀ ਕਿ ਕੁੱਝ ਸਾਲਾਂ ਨੂੰ ਅਸੀਂ ਵੀ ਸਾਰੇ ਪਰਿਵਾਰ ਨੇ ਕੈਨੇਡਾ ਪਹੁੰਚ ਜਾਣਾ ਹੈ। ਇਸ ਲਈ ਕਾਲਜ ਵਿੱਚ ਪੜ੍ਹਨ ਦੀ ਥਾਂ ਕਲਾਸਾਂ ਖੁੰਝਾ ਕੇ ਫਿਲਮਾਂ ਦੇਖਣ ਵੱਲ ਜ਼ਿਆਦਾ ਧਿਆਨ ਦਿੱਤਾ। ਤਕਰੀਬਨ ਤਕਰੀਬਨ ਜਲੰਧਰ ਦੇ 5-6 ਸਿਨਮਿਆਂ ਵਿੱਚ ਲੱਗਣ ਵਾਲੀਆਂ ਸਾਰੀਆਂ ਫਿਲਮਾਂ ਦੇਖਣਾ ਮੇਰਾ ਮੁੱਖ ਕੰਮ ਸੀ। ਇਸ ਲਈ ਕਾਲਜ ਵਿੱਚ ਪਹਿਲੇ ਸਾਲ ਫੇਲ੍ਹ ਹੋ ਗਿਆ। ਦੂਜੇ ਸਾਲ ਪ੍ਰੈੱਪ ਕੀਤੀ ਅਤੇ ਪ੍ਰੀ-ਮੈਡੀਕਲ ਵਿੱਚ ਪਹੁੰਚ ਗਿਆ। ਪ੍ਰੀ-ਮੈਡੀਕਲ ਵਿੱਚ ਪਹਿਲੇ ਸਾਲ ਪੇਪਰ ਹੀ ਨਹੀਂ ਦਿੱਤੇ। ਘਰਦਿਆਂ ਨੂੰ ਇਹ ਕਹਿ ਦਿੱਤਾ ਕਿ ਅਗਲੇ ਸਾਲ ਨੂੰ ਜ਼ਿਆਦਾ ਤਿਆਰੀ ਕਰਕੇ ਪੇਪਰ ਦੇਵਾਂਗਾ ਤਾਂ ਕਿ ਡਾਕਟਰੀ ਵਿੱਚ ਦਾਖਲਾ ਮਿਲਣ ਜੋਗੇ ਨੰਬਰ ਆ ਜਾਣ। ਪ੍ਰੀ-ਮੈਡੀਕਲ ਦੇ ਦੂਜੇ ਸਾਲ ਵਿੱਚ, ਪਿਤਾ ਜੀ ਨੇ ਕੈਨੇਡਾ ਆਉਣ ਲਈ ਪੇਪਰ ਭਰ ਦਿੱਤੇ, ਅਤੇ ਫਿਰ ਮੈਂ ਉਹ ਸਾਲ ਵੀ ਫਿਲਮਾਂ ਦੇਖਦਿਆਂ ਬਿਤਾਇਆ। ਮਈ 1975 ਵਿੱਚ ਮੈਂ ਬਾਕੀ ਦੇ ਪਰਿਵਾਰ ਨਾਲ ਕੈਨੇਡਾ ਆ ਗਿਆ। ਉਸ ਸਮੇਂ ਮੇਰੀ ਉਮਰ 18 ਸਾਲ ਸੀ। ਇੱਥੇ ਆਉਣ ਤੋਂ ਕੁੱਝ ਮਹੀਨੇ ਬਾਅਦ ਵਿੱਚ ਮੈਂ 19 ਸਾਲਾਂ ਦਾ ਹੋਇਆ।

ਕਾਲਜ ਵਿੱਚ ਫਿਲਮਾਂ ਦੇਖਣ ਤੋਂ ਬਿਨਾਂ ਇਕ ਕੰਮ ਹੋਰ ਕੀਤਾ। ਇਹ ਕੰਮ ਸੀ ਪੰਜਾਬੀ ਸਾਹਿਤ ਪੜ੍ਹਨ ਦਾ। ਜਦੋਂ ਅਸੀਂ ਅਹਿਮਦ ਨਗਰ ਤੋਂ ਆ ਕੇ ਪਿੰਡ ਰਹਿਣ ਲੱਗੇ ਤਾਂ ਉਸ ਸਮੇਂ ਮੇਰੇ ਚਾਚਾ ਜੀ, ਹਰਭਜਨ ਸਿੰਘ ਹੁੰਦਲ, ਨੇ ਪ੍ਰੀਤ ਲੜੀ ਰਸਾਲਾ ਲਵਾਇਆ ਹੋਇਆ ਸੀ, ਜਿਹੜੇ ਹਰ ਮਹੀਨੇ ਡਾਕ ਰਾਹੀਂ ਸਾਡੇ ਘਰ ਆਉਂਦਾ ਸੀ। (ਇੱਥੇ ਮੈਂ ਪੰਜਾਬੀ ਦੇ ਕਵੀ ਹਰਭਜਨ ਸਿੰਘ ਹੁੰਦਲ ਬਾਰੇ ਗੱਲ ਨਹੀਂ ਕਰ ਰਿਹਾ। ਉਹਨਾਂ ਨਾਲ ਮੇਰਾ ਕੋਈ ਰਿਸ਼ਤਾ ਨਹੀਂ ਸੀ। ਸੰਯੋਗ ਵਸ ਮੇਰੇ ਚਾਚਾ ਜੀ ਦਾ ਨਾਂ ਵੀ ਹਰਭਜਨ ਸਿੰਘ ਹੁੰਦਲ ਸੀ।) ਸੋ ਮੈਂ ਅੱਠਵੀਂ ਤੋਂ ਲਗਾਤਾਰਤਾ ਨਾਲ ਪ੍ਰੀਤ ਲੜੀ ਪੜ੍ਹਨ ਲੱਗ ਪਿਆ। ਮੇਰੇ ਕਹਿਣ `ਤੇ ਚਾਚਾ ਜੀ ਨੇ ਪ੍ਰੀਤ ਨਗਰ ਤੋਂ ਬੱਚਿਆਂ ਲਈ ਨਿਕਲਣਾ ਵਾਲਾ ਰਸਾਲਾ

ਬਾਲ ਸੰਦੇਸ਼ ਵੀ ਲਵਾ ਦਿੱਤਾ। ਮੈਂ ਉਸ ਨੂੰ ਵੀ ਲਗਾਤਾਰ ਪੜ੍ਹਨ ਲੱਗ ਪਿਆ। ਇਸ ਤ੍ਹਾਂ ਸਕੂਲ ਵਿੱਚ ਪੜ੍ਹਦਿਆਂ ਹੀ ਸਾਹਿਤ ਪੜ੍ਹਨ ਦੀ ਰੁਚੀ ਬਣ ਗਈ। ਕਾਲਜ ਪਹੁੰਚ ਕੇ ਪੰਜਾਬੀ ਦਾ ਹੋਰ ਸਾਹਿਤ ਪ੍ਰਾਪਤ ਕਰਨਾ ਵੀ ਸੌਖਾ ਹੋ ਗਿਆ। ਜਲੰਧਰ ਬੱਸ ਅੱਡੇ ਦੇ ਕਿਤਾਬਾਂ ਦੇ ਸਟੈਂਡ ਤੋਂ ਮੈਂ ਹਰ ਮਹੀਨੇ ਉਸ ਵੇਲੇ ਦੇ ਪੰਜਾਬੀ ਦੇ ਮਸ਼ਹੂਰ ਰਸਾਲੇ ਆਰਸੀ, ਨਾਗਮਨੀ, ਕਵਿਤਾ, ਦ੍ਰਿਸ਼ਟੀ ਆਦਿ ਲੈ ਕੇ ਪੜ੍ਹਨ ਲੱਗ ਪਿਆ।

ਰਸਾਲਿਆਂ ਤੋਂ ਬਿਨਾਂ ਇਸ ਸਮੇਂ ਦੌਰਾਨ ਮੈਂ ਪੰਜਾਬੀ ਦੇ ਬਹੁਤ ਸਾਰੇ ਨਾਵਲ ਅਤੇ ਕਹਾਣੀਆਂ ਵੀ ਪੜ੍ਹਨ ਲੱਗਾ। ਮੈਨੂੰ ਯਾਦ ਹੈ ਕਿ ਇਸ ਸਮੇਂ ਦੌਰਾਨ ਮੈਂ ਗੁਰਬਖਸ਼ ਸਿੰਘ ਪ੍ਰੀਤ ਲੜੀ ਦਾ ਲਿਖਿਆ ਨਾਵਲ ਅਣਵਿਆਹੀ ਮਾਂ, ਜਸਵੰਤ ਸਿੰਘ ਕੰਵਲ ਦੇ ਉਸ ਸਮੇਂ ਤੱਕ ਛਪੇ ਤਕਰੀਬਨ ਤਕਰੀਬਨ ਸਾਰੇ ਨਾਵਲ, ਨਾਨਕ ਸਿੰਘ ਦੇ ਕਈ ਨਾਵਲ, ਗੁਰਦਿਆਲ ਸਿੰਘ ਦਾ ਨਾਵਲ ਮੜ੍ਹੀ ਦਾ ਦੀਵਾ, ਅੰਮ੍ਰਿਤਾ ਪ੍ਰੀਤਮ ਅਤੇ ਦਲੀਪ ਕੌਰ ਟਿਵਾਣਾ ਦੇ ਕੁੱਝ ਨਾਵਲ ਅਤੇ ਹੋਰ ਕਈ ਲੇਖਕਾਂ ਦੀਆਂ ਲਿਖਤਾਂ ਪੜ੍ਹੀਆਂ। ਅਸਲ ਵਿੱਚ ਉਸ ਸਮੇਂ ਜਿਹੜਾ ਵੀ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਮੇਰੇ ਹੱਥ ਆ ਜਾਂਦੀ ਸੀ, ਮੈਂ ਉਹ ਪੜ੍ਹ ਲੈਂਦਾ ਸੀ। ਕਵਿਤਾ ਘੱਟ ਪੜ੍ਹਦਾ ਸੀ। ਕਵਿਤਾ ਸਿਰਫ ਉਹ ਹੀ ਪੜ੍ਹਦਾ ਸੀ, ਜਿਹੜੀ ਰਸਾਲਿਆਂ ਵਿੱਚ ਛਪਦੀ ਸੀ। ਇਸ ਤ੍ਹਾਂ ਕਾਲਜ ਦੇ ਸਮੇਂ ਦੌਰਾਨ ਮੈਂ ਉਹ ਪੜ੍ਹਾਈ ਤਾਂ ਨਹੀਂ ਕੀਤੀ ਜਿਹੜੀ ਮੇਰੇ ਸਲੇਬਸ ਨਾਲ ਸੰਬੰਧਿਤ ਸੀ, ਪਰ ਉਸ ਤੋਂ ਬਿਨਾਂ ਪੰਜਾਬੀ ਸਾਹਿਤ ਦੀ ਪੜ੍ਹਾਈ ਕਾਫੀ ਕੀਤੀ। ਆਪਣੀ ਪੜ੍ਹਾਈ ਦੇ ਪਹਿਲੇ 7 ਸਾਲਾਂ ਦੌਰਾਨ ਹਿੰਦੀ ਮਾਧਿਅਮ ਵਿੱਚ ਪੜ੍ਹਨ ਕਾਰਨ ਜਿਹੜਾ ਮੇਰਾ ਪੰਜਾਬੀ ਦਾ ਗਿਆਨ ਘੱਟ ਰਹਿ ਗਿਆ ਸੀ, ਉਸ ਨੂੰ ਪੂਰਾ ਕਰਨ ਵਿੱਚ ਕਾਲਜ ਸਮੇਂ ਪੜ੍ਹੇ ਪੰਜਾਬੀ ਸਾਹਿਤ ਨੇ ਮੇਰੀ ਕਾਫੀ ਮਦਦ ਕੀਤੀ।

**ਸਵਾਲ:** ਇੱਥੇ ਪਹੁੰਚਣ ਤੋਂ ਬਾਅਦ ਦੇ ਪਹਿਲੇ ਸਾਲਾਂ ਬਾਰੇ ਦੱਸੋ?
**ਜਵਾਬ:** ਇੱਥੇ ਆ ਕੇ ਪਹਿਲਾ ਕੰਮ ਨੌਕਰੀ ਲੱਭਣ ਦਾ ਕੀਤਾ।

**ਸਵਾਲ:** ਪੜ੍ਹਨ ਬਾਰੇ ਨਹੀਂ ਸੋਚਿਆ?
**ਜਵਾਬ**: ਨਹੀਂ। ਨਾ ਮੇਰੇ ਮਨ ਵਿੱਚ ਪੜ੍ਹਨ ਦਾ ਖਿਆਲ ਆਇਆ ਅਤੇ ਨਾ ਹੀ ਘਰ ਵਿੱਚ ਕਿਸੇ ਨੇ ਇਸ ਬਾਰੇ ਕਿਹਾ। ਕੰਮ ਲੱਭਣਾ ਕਾਫੀ ਮੁਸ਼ਕਿਲ ਸੀ। ਇਸ ਲਈ ਪਹਿਲਾ ਕੰਮ ਫਾਰਮਾਂ ਵਿੱਚ ਕੀਤਾ, ਫਾਰਮਾਂ ਦੇ ਇਕ ਠੇਕੇਦਾਰ ਨਾਲ। ਉਹ ਠੇਕੇਦਾਰ ਮੈਨੂੰ ਸਵੇਰੇ ਪੰਜ ਕੁ ਵਜੇ ਆਪਣੀ ਟਰੱਕੀ (ਵੈਨ) ਵਿੱਚ ਚੁੱਕ ਲੈਂਦਾ ਅਤੇ ਫਿਰ ਦੂਜੇ ਕਾਮਿਆਂ ਨੂੰ ਚੁੱਕਦਾ ਚੁਕਾਉਂਦਾ ਉਹ ਫਾਰਮ ਵੱਲ ਨੂੰ ਤੁਰ ਪੈਂਦਾ

ਅਤੇ ਅਸੀਂ ਸੱਤ, ਸਾਢੇ ਸੱਤ ਦੇ ਕਰੀਬ ਫਾਰਮ ਵਿੱਚ ਪਹੁੰਚਦੇ। ਉੱਥੇ ਸਾਰਾ ਦਿਨ ਕੰਮ ਕਰਦੇ ਅਤੇ ਰਾਤ ਨੂੰ ਹਨ੍ਹੇਰੇ ਹੋਏ ਘਰ ਵਾਪਸ ਪਹੁੰਚਦੇ। ਦੂਜੇ ਦਿਨ ਫਿਰ ਇਸ ਤ੍ਰਹਾਂ ਹੀ ਹੁੰਦਾ। ਹਫਤੇ ਦੇ ਸੱਤੇ ਦਿਨ ਕੰਮ। ਕੋਈ ਛੁੱਟੀ ਨਹੀਂ। ਕੰਮ ਬੇਰੀ ਤੋੜਨ ਦਾ ਸੀ। ਪਹਿਲਾਂ ਸਟਰਾਅਬੇਰੀ ਤੋੜੀ, ਫਿਰ ਰਸਬੇਰੀ ਅਤੇ ਫਿਰ ਬਲੂਬੇਰੀ। ਸਟਰਾਅਬੇਰੀ ਬੈਠ ਕੇ ਤੋੜਨੀ ਪੈਂਦੀ ਸੀ।  ਇਸ ਲਈ ਪਹਿਲਾਂ ਪਹਿਲ ਉਹ ਤੋੜਨੀ ਬਹੁਤ ਔਖੀ ਲੱਗੀ। ਕੰਮ ਲਈ ਪੈਸੇ ਪੀਸ ਰੇਟ `ਤੇ ਮਿਲਦੇ ਸੀ ਭਾਵ ਜਿੰਨੀ ਬੇਰੀ ਤੁਸੀਂ ਤੋੜੋ, ਉਸ ਦੇ ਹਿਸਾਬ ਨਾਲ। ਇਸ ਲਈ ਦਿਹਾੜੀ ਦੇ ਪੈਸੇ ਬਹੁਤ ਘੱਟ ਬਣਦੇ ਸਨ। ਕਈ ਵਾਰੀ ਇਕ ਘੰਟੇ ਦੇ ਇਕ ਡਾਲਰ ਤੋਂ ਵੀ ਘੱਟ ਪੈਸੇ ਬਣਦੇ ਸਨ। ਸੋ ਪਹਿਲਾ ਕੰਮ ਇਹ ਕੀਤਾ।

ਉਸ ਤੋਂ ਬਾਅਦ ਅਗਲਾ ਕੰਮ ਇਕ ਲਾਂਡਰੀ ਵਿੱਚ ਮਿਲਿਆ, ਇਕ ਜਾਣੂ ਦੀ ਸਿਫਾਰਸ਼ ਨਾਲ। ਇਸ ਲਾਂਡਰੀ ਵਿੱਚ ਕਮਰਸ਼ੀਅਲ ਪੱਧਰ `ਤੇ ਹੋਟਲਾਂ, ਰੈਸਟੋਰੈਂਟਾਂ, ਹਸਪਤਾਲਾਂ ਅਤੇ ਇਸ ਤ੍ਰਹਾਂ ਦੇ ਹੋਰ ਅਦਾਰਿਆਂ ਤੋਂ ਆਏ ਕੱਪੜੇ ਧੋਣੇ ਪੈਂਦੇ ਸਨ।  ਇਹ ਕੰਮ ਫਾਰਮਾਂ ਦੇ ਕੰਮ ਨਾਲੋਂ ਸੌਖਾ ਸੀ। ਅੰਦਰ ਸੀ। ਪੈਸੇ ਘੰਟਿਆਂ ਦੇ ਹਿਸਾਬ ਨਾਲ ਮਿਲਦੇ ਸਨ। ਮੇਰੇ ਖਿਆਲ ਵਿੱਚ ਉਸ ਸਮੇਂ ਮੈਨੂੰ 2 ਡਾਲਰ 75 ਸੈਂਟ ਇਕ ਘੰਟੇ ਦੀ ਤਨਖਾਹ ਮਿਲਦੀ ਸੀ। ਕੰਮ ਇਸ ਲਾਂਡਰੀ ਵਿੱਚ ਹਫਤੇ ਦੇ ਸੱਤੇ ਦਿਨ ਹੁੰਦਾ ਸੀ। ਕੋਈ ਛੁੱਟੀ ਨਹੀਂ। ਸਵੇਰ ਨੂੰ ਕੰਮ `ਤੇ ਲੱਗਣ ਦੇ ਟਾਇਮ ਦਾ ਤਾਂ ਪਤਾ ਹੁੰਦਾ ਸੀ, ਪਰ ਹਟਣ ਦਾ ਨਹੀਂ। ਹਟਣਾ ਉਦੋਂ ਜਦੋਂ ਉਸ ਦਿਨ ਆਏ ਸਾਰੇ ਕੱਪੜੇ ਧੋਤੇ ਜਾਣ। ਇਸ ਲਈ ਕਿਸੇ ਦਿਨ  ਕੰਮ `ਤੇ 8 ਘੰਟੇ ਲਗਦੇ ਸਨ, ਕਿਸੇ ਦਿਨ 10 ਘੰਟੇ ਅਤੇ ਕਿਸੇ ਕਿਸੇ ਦਿਨ 12 ਘੰਟੇ ਵੀ।

ਲਾਂਡਰੀ ਦਾ ਮਾਲਕ ਇਕ ਚੀਨਾ ਸੀ। ਇਸ ਲਈ ਕੰਮ `ਤੇ ਚੀਨੇ ਵੀ ਕੰਮ ਕਰਦੇ ਸੀ ਅਤੇ ਪੰਜਾਬੀ ਵੀ। ਪੰਜਾਬੀ ਅਸੀਂ 6-7 ਜਣੇ ਸੀ। ਚੀਨਿਆਂ ਵਿੱਚ ਜ਼ਿਆਦਾ ਔਰਤਾਂ ਸਨ ਜੋ ਕੱਪੜਿਆਂ ਨੂੰ ਪ੍ਰੈਸ ਕਰਨ ਆਦਿ ਦਾ ਕੰਮ ਕਰਦੀਆਂ ਸਨ। ਉਹਨਾਂ ਦੀ ਗਿਣਤੀ 15 ਕੁ ਦੇ ਨੇੜੇ ਹੋਵੇਗੀ। ਚੀਨਿਆਂ ਵਿੱਚ ਸਿਰਫ ਇਕ ਦੋ ਹੀ ਮਰਦ ਸਨ। ਅਸੀਂ ਪੰਜਾਬੀ ਕੱਪੜੇ ਧੋਣ ਅਤੇ ਨਿਚੋੜਨ ਵਾਲੀਆਂ ਮਸ਼ੀਨਾਂ `ਤੇ ਕੰਮ ਕਰਦੇ ਸੀ। ਬੋਲੀ ਅਤੇ ਸਭਿਆਚਾਰਕ ਵੱਖਰੇਵੇਂ ਕਾਰਨ ਚੀਨਿਆਂ ਅਤੇ ਪੰਜਾਬੀਆਂ ਵਿਚਕਾਰ ਕੋਈ ਬਹੁਤੀ ਗੱਲਬਾਤ ਨਹੀਂ ਹੁੰਦੀ ਸੀ। ਕਿਸੇ ਕਿਸਮ ਦਾ ਕੋਈ ਵਿਰੋਧ ਨਹੀਂ ਸੀ, ਪਰ ਕੋਈ ਆਪਸੀ ਸਾਂਝ ਵੀ ਨਹੀਂ ਸੀ। ਉਹ ਆਪਣਾ ਕੰਮ ਕਰਦੇ ਅਸੀਂ ਆਪਣਾ।

ਇਸ ਲਾਂਡਰੀ ਵਿੱਚ ਕੰਮ ਕਰਨ ਵਾਲੇ ਪੰਜਾਬੀਆਂ ਵਿੱਚੋਂ ਮੈਂ ਹੀ ਜਵਾਨ ਉਮਰ ਦਾ ਸੀ। ਬਾਕੀ ਸਾਰੇ ਅੱਧਖੜ੍ਹ ਉਮਰ ਦੇ ਸਨ। ਤਕਰੀਬਨ ਤਕਰੀਬਨ ਅਨਪੜ੍ਹ। ਉਹਨਾਂ ਨੂੰ ਫਾਰਮਾਂ ਤੋਂ ਬਿਨਾਂ ਕਿਸੇ

ਹੋਰ ਥਾਂ `ਤੇ ਕੰਮ ਮਿਲਣ ਦੇ ਘੱਟ ਮੌਕੇ ਸਨ। ਇਸ ਲਈ ਉਹਨਾਂ ਵਿੱਚੋਂ ਬਹੁਤੇ ਉੱਥੇ ਕੰਮ ਕਰਕੇ ਖੁਸ਼ ਸਨ। ਮੈਂ ਪਹਿਲੇ ਕੁੱਝ ਮਹੀਨੇ ਤਾਂ ਇਸ ਕੰਮ ਤੇ ਖੁਸ਼ ਰਿਹਾ ਕਿ ਚਲੋ ਹੁਣ ਘੰਟਿਆਂ ਦੇ ਹਿਸਾਬ ਨਾਲ ਪੈਸੇ ਮਿਲਦੇ ਹਨ, ਪਰ ਫਿਰ ਮੈਨੂੰ ਹਫਤੇ ਦੇ ਸੱਤੇ ਦਿਨ ਕੰਮ ਕਰਨਾ ਚੰਗਾ ਲੱਗਣੋ ਹੱਟ ਗਿਆ। ਜੀਅ ਕਰਦਾ ਸੀ ਹਫਤੇ ਵਿੱਚ ਕੋਈ ਛੁੱਟੀ ਵਗੈਰਾ ਹੋਵੇ ਅਤੇ ਮੈਂ ਛੁੱਟੀ ਵਾਲੇ ਦਿਨ ਕਿਤੇ ਆਵਾਂ-ਜਾਵਾਂ। ਹਫਤੇ ਦੇ ਸੱਤੇ ਦਿਨ ਕੰਮ ਮੈਨੂੰ ਕੈਦ ਵਾਂਗ ਲੱਗਣ ਲੱਗ ਪਿਆ ਅਤੇ ਮੈਂ ਇਸ ਕੈਦ ਵਿੱਚੋਂ ਨਿਕਲਣ ਬਾਰੇ ਸੋਚਣ ਲੱਗਾ।

ਇਸ ਲਈ ਪਹਿਲਾ ਕੰਮ ਇਹ ਕੀਤਾ ਕਿ ਮੈਂ ਆਪਣੇ ਘਰ ਦੇ ਨੇੜੇ ਪੈਂਦੇ ਸਕੂਲ, ਜੌਹਨ ਓਲੀਵਰ ਸੈਕੰਡਰੀ ਸਕੂਲ ਵਿੱਚ ਸ਼ਾਮ ਨੂੰ ਕੰਮ ਤੋਂ ਬਾਅਦ ਅੰਗਰੇਜ਼ੀ ਸਿੱਖਣ ਦੀਆਂ ਕਲਾਸਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਉਸ ਸਮੇਂ ਮੈਂ ਲਿਖੀ ਹੋਈ ਅੰਗਰੇਜ਼ੀ, ਬੋਲੀ ਹੋਈ ਅੰਗਰੇਜ਼ੀ ਤਾਂ ਸਮਝ ਲੈਂਦਾ ਸੀ ਪਰ ਮੈਨੂੰ ਅੰਗਰੇਜ਼ੀ ਬੋਲਣ ਵਿੱਚ ਮੁਸ਼ਕਿਲ ਆਉਂਦੀ ਸੀ। ਥੋੜ੍ਹੀ ਜਿਹੀ ਝਿਜਕ ਸੀ। ਨਾਲ ਦੀ ਨਾਲ ਮੇਰਾ ਉਚਾਰਨ ਵੀ ਬਹੁਤਾ ਠੀਕ ਨਹੀਂ ਸੀ। ਇਸ ਲਈ ਮੈਂ ਅੰਗਰੇਜ਼ੀ ਸਿੱਖਣੀ ਸ਼ੁਰੂ ਕਰ ਦਿੱਤੀ।

ਲਾਂਡਰੀ ਵਿੱਚ ਸਾਲ ਕੁ ਕੰਮ ਕਰਨ ਤੋਂ ਬਾਅਦ ਮੈਂ ਉੱਥੋਂ ਕੰਮ ਛੱਡ ਦਿੱਤਾ। ਉਸ ਸਮੇਂ ਇਹ ਕਾਨੂੰਨ ਸੀ ਕਿ ਜੇ ਤੁਸੀਂ ਇੱਥੇ ਸਾਲ ਵਿੱਚ 8-10 ਹਫਤੇ ਕੰਮ ਕੀਤਾ ਹੈ ਤਾਂ ਤੁਹਾਨੂੰ ਕੰਮ ਤੋਂ ਬੇਰੁਜ਼ਗਾਰ ਹੋਣ `ਤੇ ਬੇਰੁਜ਼ਗਾਰੀ ਭੱਤਾ ਮਿਲਦਾ ਸੀ, ਜਿਹੜਾ ਤੁਹਾਡੀ ਕੁੱਲ ਹਫਤਾਵਾਰੀ ਕਮਾਈ ਦਾ 60 ਕੁ ਪ੍ਰਤੀਸ਼ੱਤ ਹੁੰਦਾ ਸੀ। ਸੋ ਮੈਨੂੰ ਬੇਰੁਜ਼ਗਾਰੀ ਭੱਤਾ ਮਿਲਣ ਲੱਗਾ। ਜਿਹੜਾ ਮੈਨੂੰ ਇਕ ਸਾਲ ਲਈ ਮਿਲਣਾ ਸੀ।

ਬੇਰੁਜ਼ਗਾਰੀ ਭੱਤਾ ਲੈਂਦਿਆਂ ਮੈਂ ਕਿਸੇ ਹੋਰ ਥਾਂ ਕੰਮ ਲੱਭਣਾ ਸ਼ੁਰੂ ਕਰ ਦਿੱਤਾ। ਉਹਨਾਂ ਦਿਨਾਂ ਵਿੱਚ ਪੰਜਾਬੀ ਕਮਿਊਨਿਟੀ ਵਿੱਚ ਲੱਕੜ ਮਿੱਲ ਦੀ ਨੌਕਰੀ ਨੂੰ ਸਭ ਤੋਂ ਵਧੀਆ ਨੌਕਰੀ ਸਮਝਿਆ ਜਾਂਦਾ ਸੀ। ਇਸ ਦਾ ਕਾਰਨ ਇਹ ਸੀ ਕਿ ਬੇਸ਼ੱਕ ਲੱਕੜ ਦੀ ਮਿੱਲ ਦਾ ਕੰਮ ਕਰਨ ਨੂੰ ਭਾਰਾ ਹੁੰਦਾ ਸੀ, ਪਰ ਯੂਨੀਅਨ ਦੀ ਨੌਕਰੀ ਹੋਣ ਕਰਕੇ ਤਨਖਾਹਾਂ ਕਾਫੀ ਜ਼ਿਆਦਾ ਸਨ। ਮੇਰੇ ਖਿਆਲ ਵਿੱਚ ਉਸ ਸਮੇਂ ਲੱਕੜ ਮਿੱਲਾਂ ਵਿੱਚ ਯੂਨੀਅਨ ਵਿੱਚ ਕੰਮ ਕਰਨ ਵਾਲਿਆਂ ਨੂੰ ਛੇ ਸਾਢੇ ਛੇ ਡਾਲਰ ਘੰਟੇ ਦੇ ਮਿਲਦੇ ਸਨ, ਜਿਹੜੇ ਮੈਨੂੰ ਲਾਂਡਰੀ ਵਿੱਚ ਮਿਲਦੀ ਤਨਖਾਹ ਤੋਂ ਦੁੱਗਣੇ ਸਨ। ਹਫਤੇ ਵਿੱਚ ਦੋ ਛੁੱਟੀਆਂ ਹੁੰਦੀਆਂ ਸਨ। ਸਾਲ ਵਿੱਚ ਦੋ ਹਫਤਿਆਂ ਦੀਆਂ ਛੁੱਟੀਆਂ ਤਨਖਾਹ ਸਮੇਤ ਮਿਲਦੀਆਂ ਸਨ। ਅਤੇ

ਤੁਹਾਡੇ ਡਾਕਟਰੀ ਇੰਸ਼ੋਰੈਂਸ ਦੇ ਪੈਸੇ ਵੀ ਕੰਮ ਵਾਲੇ ਦਿੰਦੇ ਸਨ। ਇਸ ਲਈ ਮਿੱਲ ਦੇ ਕੰਮ ਨੂੰ ਵਧੀਆ ਸਮਝਿਆ ਜਾਂਦਾ ਸੀ।

ਸੋ ਮੈਂ ਮਿੱਲ ਵਿੱਚ ਕੰਮ ਲੱਭਣਾ ਸ਼ੁਰੂ ਕਰ ਦਿੱਤਾ। ਪਰ ਮੈਨੂੰ ਕਿਤੇ ਕੰਮ ਨਾ ਮਿਲਿਆ। ਫਿਰ ਮੈਨੂੰ ਕਿਸੇ ਨੇ ਇੰਡਸਟ੍ਰੀਅਲ ਫਸਟ ਏਡ ਦਾ ਕੋਰਸ ਕਰਨ ਦੀ ਸਲਾਹ ਦਿੱਤੀ। ਉਹਨਾਂ ਦਿਨਾਂ ਵਿੱਚ ਕਾਨੂੰਨ ਸੀ (ਹੁਣ ਵੀ ਹੈ), ਮਿੱਲਾਂ, ਫੈਕਟਰੀਆਂ ਵਿੱਚ ਫਸਟ ਏਡ ਰੱਖਣ ਦੀ ਸ਼ਰਤ ਹੁੰਦੀ ਸੀ ਤਾਂ ਕਿ ਕੰਮ `ਤੇ ਜੇ ਕਿਸੇ ਦੇ ਸੱਟ ਲੱਗ ਜਾਵੇ ਤਾਂ ਐਂਬੂਲੈਂਸ ਵਗੈਰਾ ਦੇ ਆਉਣ ਤੱਕ ਮਿੱਲ ਵਿਚਲਾ ਫਸਟ ਏਡ ਵਿਅਕਤੀ ਉਸ ਵਰਕਰ ਨੂੰ ਫਸਟ ਏਡ ਦੇ ਸਕੇ। ਮਿੱਲਾਂ-ਫੈਕਟਰੀਆਂ ਵਾਲੇ ਉਹਨਾਂ ਬੰਦਿਆਂ ਨੂੰ ਕੰਮ ਦੇਣ ਲਈ ਪਹਿਲ ਦਿੰਦੇ ਸਨ ਜਿਹਨਾਂ ਕੋਲ ਫਸਟ ਏਡ ਦਾ ਸਰਟੀਫਿਕੇਟ ਹੋਵੇ। ਫਸਟ ਏਡ ਦਾ ਕੋਰਸ ਫੁੱਲ ਟਾਇਮ ਦੋ ਹਫਤਿਆਂ ਦਾ ਹੁੰਦਾ ਸੀ, ਅਤੇ ਪਾਰਟ ਟਾਇਮ ਚਾਰ-ਛੇ ਹਫਤਿਆਂ ਦਾ। ਸੋ ਮੈਂ 4 ਹਫਤਿਆਂ ਵਿੱਚ ਫਸਟ ਏਡ ਦਾ ਕੋਰਸ ਕਰ ਲਿਆ। ਕਿਉਂਕਿ ਇੰਡੀਆ ਵਿੱਚ ਮੈਂ ਕਾਲਜ ਵਿੱਚ ਮੈਡੀਕਲ ਦੇ ਸਬਜੈਕਟਸ ਲਏ ਹੋਏ ਸਨ, ਇਸ ਲਈ ਮੈਨੂੰ ਇਹ ਕੋਰਸ ਕਰਨਾ ਸੌਖਾ ਲੱਗਾ। ਫਸਟ ਏਡ ਦਾ ਸਰਟੀਫਿਕੇਟ ਮਿਲਣ ਤੋਂ ਬਾਅਦ ਮੈਂ ਇਕ ਲੱਕੜ ਮਿੱਲ ਵਿੱਚ ਅਰਜ਼ੀ ਕਰਨ ਗਿਆ। ਅਰਜ਼ੀ ਕਰਕੇ ਜਦੋਂ ਮੈਂ ਘਰ ਪਹੁੰਚਿਆਂ ਤਾਂ ਮੈਨੂੰ ਮਿੱਲ ਤੋਂ ਫੋਨ ਆ ਗਿਆ ਕਿ ਮੈਂ ਅਗਲੇ ਦਿਨ ਤੋਂ ਮਿੱਲ ਵਿੱਚ ਕੰਮ `ਤੇ ਆ ਜਾਵਾਂ। ਇਹ ਜੂਨ 1977 ਦੀ ਗੱਲ ਹੈ। ਮੈਨੂੰ ਮਿੱਲ ਵਿੱਚ ਕੰਮ ਮਿਲ ਗਿਆ। ਮੈਂ ਅਤੇ ਮੇਰੇ ਘਰਦਿਆਂ ਨੇ ਵੀ ਇਹ ਸੋਚਿਆ ਕਿ ਮੈਂ ਬਹੁਤ ਵੱਡੀ ਪ੍ਰਾਪਤੀ ਕਰ ਲਈ ਹੈ। ਕੈਨੇਡਾ ਵਿੱਚ ਮੈਂ ਆਪਣੇ ਮੁਕਾਮ `ਤੇ ਪਹੁੰਚ ਗਿਆ ਹਾਂ।

**ਸਵਾਲ:** ਜਦੋਂ ਤੁਸੀਂ ਕੈਨੇਡਾ ਆਏ, ਉਸ ਸਮੇਂ ਵੈਨਕੂਵਰ ਇਲਾਕੇ ਵਿੱਚ ਕਿੰਨੇ ਕੁ ਸਾਊਥ ਏਸ਼ੀਅਨ ਜਾਂ ਪੰਜਾਬੀ ਲੋਕ ਸਨ?

**ਜਵਾਬ:** ਪੱਕੀ ਗਿਣਤੀ ਤਾਂ ਮੈਂ ਨਹੀਂ ਦਸ ਸਕਦਾ, ਉਂਝ ਮੇਰਾ ਅੰਦਾਜ਼ਾ ਹੈ ਕਿ ਉਸ ਸਮੇਂ ਇਹ ਗਿਣਤੀ 30-35 ਕੁ ਹਜ਼ਾਰ ਦੇ ਕਰੀਬ ਹੋਵੇਗੀ। ਗਿਣਤੀ ਦੇ ਪੱਖ ਤੋਂ ਸਭ ਤੋਂ ਵੱਡੀ ਗੱਲ ਇਹ ਸਮਝਣ ਵਾਲੀ ਹੈ, ਇਸ ਸਮੇਂ ਦੌਰਾਨ ਵੈਨਕੂਵਰ ਅਤੇ ਸਮੁੱਚੇ ਕੈਨੇਡਾ ਵਿੱਚ ਆਏ ਪੰਜਾਬੀਆਂ/ਸਾਊਥ ਏਸ਼ੀਅਨ ਲੋਕਾਂ ਦੀ ਗਿਣਤੀ ਵਿੱਚ ਨਾਟਕੀ ਪੱਧਰ `ਤੇ ਵਾਧਾ ਹੋਇਆ ਸੀ। 1967 ਵਿੱਚ ਕੈਨੇਡਾ ਨੇ ਆਪਣੇ ਇੰਮੀਗ੍ਰੇਸ਼ਨ ਦੇ ਕਾਨੂੰਨਾਂ ਵਿੱਚ ਤਬਦੀਲੀਆਂ ਕੀਤੀਆਂ ਸਨ, ਜਿਸ ਕਾਰਨ ਭਾਰਤ ਤੋਂ ਕੈਨੇਡਾ ਆਉਣਾ ਸੌਖਾ ਹੋ ਗਿਆ। ਇਸ ਦੇ ਨਾਲ ਹੀ ਉਦੋਂ ਇੰਡੀਆ ਤੋਂ ਕੈਨੇਡਾ ਵਿੱਚ ਵਿਜ਼ਟਰ ਆਉਣ ਲਈ ਵੀਜ਼ੇ ਦੀ ਲੋੜ ਨਹੀਂ ਸੀ, ਕਿਉਂਕਿ ਇੰਡੀਆ ਅਤੇ ਕੈਨੇਡਾ ਦੋਵੇਂ ਫੈਡਰੇਸ਼ਨ ਆਫ ਕਾਮਨਵੈਲਥ

ਨੇਸ਼ਨਜ਼ ਦੇ ਮੈਂਬਰ ਸਨ। ਇਸ ਸੰਬੰਧ ਵਿੱਚ ਅਗਲੀ ਗੱਲ ਇਹ ਸੀ ਕਿ ਕੈਨੇਡਾ ਵਿੱਚ ਵਿਜ਼ਟਰ ਦੇ ਤੌਰ `ਤੇ ਆਇਆ ਹੋਇਆ ਵਿਅਕਤੀ, ਇੱਥੇ ਆ ਕੇ ਇਹ ਕਹਿ ਕੇ ਪਰਮਾਨੈਂਟ ਰੈਜ਼ੀਡੈਂਟ ਬਣਨ ਲਈ ਅਰਜ਼ੀ ਦੇ ਸਕਦਾ ਸੀ ਕਿ ਮੈਂ ਇੱਥੇ ਵਿਜ਼ਟਰ ਦੇ ਤੌਰ `ਤੇ ਆਇਆ ਸੀ ਅਤੇ ਇੱਥੇ ਆ ਕੇ ਮੈਨੂੰ ਇਹ ਮੁਲਕ ਚੰਗਾ ਲੱਗਾ ਹੈ ਅਤੇ ਮੈਂ ਇੱਥੇ ਪੱਕੇ ਤੌਰ `ਤੇ ਰਹਿਣਾ ਚਾਹੁੰਦਾ ਹਾਂ। ਇਸ ਸਥਿਤੀ ਦਾ ਫਾਇਦਾ ਉਠਾਉਂਦੇ ਹੋਏ ਉਸ ਸਮੇਂ ਦੌਰਾਨ ਪੰਜਾਬ ਤੋਂ ਬਹੁਤ ਸਾਰੇ ਲੋਕ, ਖਾਸ ਕਰਕੇ ਨੌਜਵਾਨ, ਕੈਨੇਡਾ ਆਏ। ਸੰਨ 1972 ਦੇ ਅਖੀਰ ਤੱਕ ਇਹ ਸਥਿਤੀ ਰਹੀ। ਜਦੋਂ ਮੈਂ 1975 ਵਿੱਚ ਕੈਨੇਡਾ ਆਇਆ, ਉਸ ਸਮੇਂ ਇੱਥੇ ਬਹੁਤ ਸਾਰੇ ਅਜਿਹੇ ਲੋਕਾਂ ਨੂੰ ਮਿਲਿਆ ਜਿਹੜੇ ਇਸ ਸਥਿਤੀ ਦਾ ਫਾਇਦਾ ਉਠਾ ਕੇ ਇੱਥੇ ਆਏ ਸਨ। ਉਹਨਾਂ ਵਿੱਚ ਬਹੁਤਿਆਂ ਦੇ ਕੇਸ ਨਿਬੜ ਚੁੱਕੇ ਸਨ ਅਤੇ ਉਹਨਾਂ ਨੂੰ ਪਰਮਾਨੈਂਟ ਰੈਜ਼ੀਡੈਂਟ ਦਾ ਦਰਜਾ ਮਿਲ ਚੁੱਕਾ ਸੀ। ਬਹੁਤ ਥੋੜ੍ਹੇ ਲੋਕ ਸਨ, ਜਿਹਨਾਂ ਦੇ ਕੇਸ ਅਜੇ ਵੀ ਚਲਦੇ ਸਨ।

ਇਸ ਸਥਿਤੀ ਵਿੱਚ ਜਿਹੜੇ ਅਣਵਿਆਹੇ ਨੌਜਵਾਨ ਇੱਥੇ ਆਏ ਸਨ, ਉਹ ਪੱਕੇ ਹੋ ਕੇ ਵਾਪਸ ਇੰਡੀਆ ਨੂੰ ਵਿਆਹ ਕਰਵਾਉਣ ਗਏ ਅਤੇ ਵਿਆਹ ਤੋਂ ਬਾਅਦ ਛੇਤੀਂ ਹੀ ਉਹਨਾਂ ਦੀਆਂ ਪਤਨੀਆਂ ਇੱਥੇ ਆ ਗਈਆਂ। ਬਹੁਤ ਛੇਤੀ ਉਹਨਾਂ ਨੇ ਆਪਣੇ ਵੱਡੇ ਪਰਿਵਾਰਾਂ (ਮਾਂ-ਪਿਉ, ਸਹੁਰਿਆਂ ਦੇ ਪਰਿਵਾਰਾਂ) ਨੂੰ ਇੱਥੇ ਮੰਗਾ ਲਿਆ ਜਾਂ ਮੰਗਵਾਉਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਵਿਜ਼ਟਰ ਵੀਜ਼ੇ ਦੀ ਵਰਤੋਂ ਕਰਕੇ ਜਿਹੜੇ ਵਿਆਹੇ ਵ੍ਹੇ ਲੋਕ ਇੱਥੇ ਆਏ ਸਨ, ਉਹਨਾਂ ਨੇ ਪੱਕੇ ਹੋ ਕੇ ਆਪਣੇ ਪਰਿਵਾਰਾਂ ਨੂੰ ਇੱਥੇ ਮੰਗਵਾ ਲਿਆ। ਇਸ ਤ੍ਹਹਾਂ ਦੇ ਚੱਕਰ ਨਾਲ ਅੱਠ ਦਸ ਸਾਲਾਂ ਦੇ ਵਕਫੇ ਵਿੱਚ ਕੈਨੇਡਾ ਦੀ ਪੰਜਾਬੀ/ਸਾਊਥ ਏਸ਼ੀਅਨ ਕਮਿਊਨਿਟੀ ਦੀ ਗਿਣਤੀ ਵਿੱਚ ਕਾਫੀ ਵਾਧਾ ਹੋਇਆ।

ਉਸ ਸਮੇਂ ਲੋਅਰ ਮੇਨਲੈਂਡ  ਵਿੱਚ ਪੰਜਾਬੀਆਂ/ਭਾਰਤੀਆਂ ਦੀ ਵਸੋਂ ਦਾ ਮੁੱਖ ਕੇਂਦਰ ਵੈਨਕੂਵਰ ਸੀ, ਖਾਸ ਕਰਕੇ ਸਾਊਥ ਵੈਨਕੂਵਰ। ਵੈਨਕੂਵਰ ਵਿੱਚ ਦੋ ਗੁਰਦਵਾਰੇ ਸਨ, ਇਕ ਖਾਲਸਾ ਦੀਵਾਨ ਸੁਸਾਇਟੀ ਦਾ ਰੌਸ ਸਟਰੀਟ ਵਾਲਾ ਮੇਨ ਗੁਰਦਵਾਰਾ ਅਤੇ ਦੂਸਰਾ ਗੁਰਦਵਾਰਾ ਸੀ ਅਕਾਲੀ ਸਿੰਘ ਗੁਰਦਵਾਰਾ, ਵੈਨਕੂਵਰ ਵਿੱਚ 11 ਐਵਨਿਊ `ਤੇ। ਇਹ ਦੋਵੇਂ ਗੁਰਦਵਾਰੇ ਵੈਨਕੂਵਰ ਇਲਾਕੇ ਦੀ ਕਮਿਊਨਿਟੀ ਦੀ ਧਾਰਮਿਕ ਅਤੇ ਸਮਾਜਕ ਜ਼ਿੰਦਗੀ ਦਾ ਧੁਰਾ ਸਨ। ਵਪਾਰਕ ਪੱਧਰ `ਤੇ ਕਮਿਊਨਿਟੀ ਵਿੱਚ ਗਰੋਸਰੀ, ਕੱਪੜਿਆਂ, ਆਡੀਓ ਕੈਸਟਾਂ ਆਦਿ ਦੇ ਛੋਟੇ ਛੋਟੇ ਸਟੋਰ ਖੁੱਲ੍ਹਣੇ ਸ਼ੁਰੂ ਹੋ ਗਏ ਸਨ। ਉਸ ਸਮੇਂ ਗਰੋਸਰੀ ਵਿੱਚ ਪਟੇਲਾਂ ਦੀ ਗਰੋਸਰੀ ਦੀ ਦੁਕਾਨ ਕਾਫੀ ਮਸ਼ਹੂਰ ਹੁੰਦੀ ਸੀ। ਕੁੱਝ ਹਫਤਾਵਾਰੀ ਰੇਡੀਉ ਪ੍ਰੋਗਰਾਮ ਵੀ ਸ਼ੁਰੂ ਹੋ ਚੁੱਕੇ ਸਨ, ਜਿਹਨਾਂ ਵਿੱਚ ਮੁੱਖ ਤੌਰ `ਤੇ

ਇਸ਼ਤਿਹਾਰਬਾਜ਼ੀ ਅਤੇ ਪੰਜਾਬੀ ਹਿੰਦੀ ਗੀਤ ਸੰਗੀਤ ਹੀ ਵਜਾਇਆ ਜਾਂਦਾ ਸੀ। ਵੈਨਕੂਵਰ ਵਿੱਚ ਤਿੰਨ ਚਾਰ ਥੀਏਟਰ ਸਨ ਜਿੱਥੇ ਵੀਕ-ਇੰਡ `ਤੇ ਹਿੰਦੀ ਅਤੇ ਪੰਜਾਬੀ ਦੀਆਂ ਫਿਲਮਾਂ ਲੱਗਦੀਆਂ ਸਨ। ਇਹਨਾਂ ਥੀਏਟਰਾਂ ਦੇ ਨਾਂ ਸਨ: ਉਲੰਪੀਆ, ਯੌਰਕ, ਮੈਟਰੋ ਅਤੇ ਰਿਉ। ਹਰ ਸਾਲ ਇੰਡੀਆ ਅਤੇ ਪਾਕਿਸਤਾਨ ਤੋਂ ਹਿੰਦੀ ਅਤੇ ਪੰਜਾਬੀ ਦੇ ਅਦਾਕਾਰਾਂ/ਗੀਤਕਾਰਾਂ ਦੇ ਤਿੰਨ ਚਾਰ ਗਰੁੱਪ ਇੱਥੇ ਆਪਣੇ ਸ਼ੋਅ ਕਰਨ ਆਉਂਦੇ ਸਨ।

ਸਥਾਨਕ ਪੱਧਰ `ਤੇ ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ ਵੀ ਸ਼ੁਰੂ ਹੋ ਚੁੱਕੀਆਂ ਸਨ। ਪੰਜਾਬੀ ਦਾ ਸਾਹਿਤਕ ਮੈਗਜ਼ੀਨ ਵਤਨੋਂ ਦੂਰ 1973 ਤੋਂ ਨਿਕਲਣਾ ਸ਼ੁਰੂ ਹੋ ਗਿਆ ਸੀ। ਪੰਜਾਬੀ ਸਾਹਿਤ ਸਭਾ ਵੀ 1973 ਵਿੱਚ ਬਣ ਗਈ ਸੀ। ਪੰਜਾਬੀ ਸਾਹਿਤ ਸਭਾ ਦੀਆਂ ਹਰ ਮਹੀਨੇ ਲਗਾਤਾਰਤਾ ਨਾਲ ਮੀਟਿੰਗਾਂ ਹੁੰਦੀਆਂ ਸਨ। ਕੁੱਝ ਅੰਦਰੂਨੀ ਕਾਰਨਾਂ ਕਰਕੇ 1980 ਵਿਆਂ ਦੇ ਸ਼ੁਰੂ ਵਿੱਚ ਪੰਜਾਬੀ ਸਾਹਿਤ ਸਭਾ ਦਾ ਨਾਂ ਬਦਲਣਾ ਪਿਆ ਅਤੇ ਇਹ ਪੰਜਾਬੀ ਲੇਖਕ ਮੰਚ ਬਣ ਗਿਆ। ਭੰਗੜੇ ਦੀਆਂ ਕੁੱਝ ਟੀਮਾਂ ਵੀ ਬਣ ਗਈਆਂ ਸਨ, ਜੋ ਕਮਿਊਨਿਟੀ ਵਿੱਚ ਭੰਗੜੇ ਦੇ ਪ੍ਰੋਗਰਾਮ ਪੇਸ਼ ਕਰਦੀਆਂ ਸਨ। ਥੀਏਟਰ ਦੇ ਸੰਬੰਧ ਵਿੱਚ ਪੰਜਾਬ ਤੋਂ ਕੁੱਝ ਥੀਏਟਰ ਗਰੁੱਪ ਇੱਥੇ ਨਾਟਕ ਕਰਨ ਆਉਣ ਲੱਗੇ ਸਨ। ਨਤੀਜੇ ਵਜੋਂ ਇੱਥੇ ਵੀ ਨਾਟਕ ਕਰਨ ਬਾਰੇ ਸੋਚਿਆ ਜਾਣ ਲੱਗਾ ਸੀ।

**ਸਵਾਲ:** ਗੋਰਿਆਂ ਵਲੋਂ ਨਸਲੀ ਵਿਤਕਰਾ ਕਿੰਨਾ ਕੁ ਸੀ? ਕੀ ਤੁਸੀਂ ਵੀ ਕਦੇ ਇਸ ਵਿਤਕਰੇ ਦਾ ਸਾਹਮਣਾ ਕੀਤਾ?

**ਜਵਾਬ:** ਨਸਲੀ ਵਿਤਕਰਾ ਕਾਫੀ ਸੀ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ 1967-68 ਤੋਂ ਬਾਅਦ ਵਿੱਚ ਕੁੱਝ ਸਾਲਾਂ ਵਿੱਚ ਹੀ ਕੈਨੇਡਾ ਵਿੱਚ ਪੰਜਾਬੀਆਂ/ਸਾਊਥ ਏਸ਼ੀਅਨਾਂ ਦੀ ਗਿਣਤੀ ਵਿੱਚ ਵੱਡੇ ਪੱਧਰ `ਤੇ ਵਾਧਾ ਹੋਇਆ ਸੀ। ਨਤੀਜੇ ਵਜੋਂ ਪੰਜਾਬੀ/ਭਾਰਤੀ ਲੋਕ ਪਹਿਲਾਂ ਦੇ ਮੁਕਾਬਲੇ ਇੱਥੋਂ ਦੀਆਂ ਸੜਕਾਂ, ਕੰਮਾਂ, ਰਹਿਣ ਵਾਲੇ ਇਲਾਕਿਆਂ ਵਿੱਚ ਪ੍ਰਤੱਖ ਰੂਪ ਵਿੱਚ ਦਿਸਣ ਲਗ ਪਏ ਸਨ। ਜਿਸ ਤੋਂ ਨਸਲਵਾਦੀ ਗੋਰਿਆਂ ਨੂੰ ਇਹ ਡਰ ਲੱਗਣ ਲੱਗ ਪਿਆ ਕਿ ਹਿੰਦੂ ਜਾਂ ਈਸਟ ਇੰਡੀਅਨ ਕੈਨੇਡਾ `ਤੇ ਹਾਵੀ ਹੋ ਜਾਣਗੇ। ਉਹਨਾਂ ਦਿਨਾਂ ਵਿੱਚ ਹਿੰਦੁਸਤਾਨ ਤੋਂ ਆਏ ਸਾਰੇ ਲੋਕਾਂ ਨੂੰ ਗੋਰੇ ਨਸਲਵਾਦ ਕਾਰਨ ਹਿੰਦੂ ਹੀ ਕਹਿੰਦੇ ਸਨ ਜਾਂ ਉਹਨਾਂ ਨੂੰ ਈਸਟ ਇੰਡੀਅਨ ਕਿਹਾ ਜਾਂਦਾ ਸੀ। ਉਹਨਾਂ ਦੇ ਇਸ ਡਰ ਨੂੰ ਕੁੱਝ ਨਸਲੀ ਸਿਆਸੀ ਲੀਡਰ ਅਤੇ ਅਖਬਾਰਾਂ ਦੇ ਪੱਤਰਕਾਰ ਵੀ ਹਵਾ ਦਿੰਦੇ ਸਨ। ਇਸ ਤ੍ਰਾਂ ਦੇ ਮਾਹੌਲ ਵਿੱਚ ਆਪਣੇ ਲੋਕਾਂ ਨਾਲ ਕਾਫੀ ਸਾਰਾ ਵਿਤਕਰਾ ਹੁੰਦਾ ਸੀ। ਤੁਹਾਨੂੰ ਸੜਕ `ਤੇ ਤੁਰੇ ਜਾਂਦਿਆਂ ਨੂੰ ਗੋਰਿਆਂ ਵਲੋਂ ਗਾਲ੍ਹ ਕੱਢ ਜਾਣਾ ਜਾਂ ਇਹ ਕਹਿਣਾ ਕਿ "ਗੋ ਬੈਕ ਟੂ ਯੂਅਰ

ਓਨ ਕੰਟਰੀ ਭਾਵ ਆਪਣੇ ਦੇਸ਼ ਨੂੰ ਵਾਪਸ ਜਾਉ" ਆਮ ਗੱਲ ਸੀ। ਰਾਤ ਨੂੰ ਪੰਜਾਬੀ/ਭਾਰਤੀ ਲੋਕਾਂ ਦੇ ਘਰਾਂ ਉੱਤੇ ਆਂਡੇ ਸੁੱਟ ਜਾਣ ਜਾਂ ਪੱਥਰ ਮਾਰ ਕੇ ਸ਼ੀਸ਼ੇ ਭੰਨ ਦੇਣ ਵਰਗੀਆਂ ਘਟਨਾਵਾਂ ਵੀ ਸਮੇਂ ਸਮੇਂ ਹੁੰਦੀਆਂ ਰਹਿੰਦੀਆਂ ਸਨ। ਕਿਤੇ ਕਿਤੇ ਪਬਲਿਕ ਥਾਂਵਾਂ ਜਾਂ ਬੀਅਰ ਪਾਰਲਰਾਂ `ਤੇ ਮਾਰ ਕੁੱਟ ਜਾਂ ਲੜਾਈ ਦੀ ਘਟਨਾ ਵੀ ਵਾਪਰ ਜਾਂਦੀ ਸੀ। ਇਸ ਦੇ ਨਾਲ ਹੀ ਵੱਡੀ ਗੱਲ ਇਹ ਸੀ, ਨਸਲਵਾਦੀ ਘਟਨਾਵਾਂ ਦੀ ਸ਼ਿਕਾਇਤ ਕਰਨ `ਤੇ ਪੁਲੀਸ ਕੋਈ ਖਾਸ ਐਕਸ਼ਨ ਨਹੀਂ ਲੈਂਦੀ ਸੀ। ਅਤੇ ਬਹੁਤੇ ਕੇਸਾਂ ਵਿੱਚ ਪੰਜਾਬੀ/ਭਾਰਤੀ ਕਮਿਊਨਿਟੀ ਦੇ ਪੁਰਾਣੇ ਲੋਕ ਵੀ ਇਹ ਸਮਝਦੇ ਸਨ ਕਿ ਪੰਜਾਬੀਆਂ/ਭਾਰਤੀਆਂ ਵਿਰੁੱਧ ਇਹ ਜਿਹੜੀਆਂ ਨਸਲਵਾਦ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਸੀ, ਇਸ ਦੇ ਜ਼ਿੰਮੇਵਾਰ ਪੰਜਾਬ ਤੋਂ ਆਏ ਨਵੇਂ ਲੋਕ ਸਨ। ਉਹਨਾਂ ਦਾ ਕਹਿਣਾ ਸੀ ਕਿ ਇਹ ਨਵੇਂ ਆਏ ਲੋਕਾਂ ਨੂੰ ਕੈਨੇਡਾ ਵਿੱਚ ਕੈਨੇਡਾ ਦੇ ਢੰਗਾਂ ਨਾਲ ਰਹਿਣਾ ਅਤੇ ਵਿਚਰਨਾ ਨਹੀਂ ਆਉਂਦਾ, ਇਸ ਲਈ ਗੋਰੇ ਲੋਕ ਸਾਡੇ ਨਾਲ ਵਿਤਕਰਾ ਕਰਦੇ ਹਨ।

ਇਸ ਤ੍ਹਾਂ ਦੀਆਂ ਹਾਲਤਾਂ ਵਿੱਚ ਨਵੇਂ ਆਏ ਲੋਕਾਂ ਨੇ ਨਸਲਵਾਦ ਵਿਰੁੱਧ ਲੜਾਈ ਕਰਨ ਲਈ ਜਥੇਬੰਦ ਹੋਣਾ ਸ਼ੁਰੂ ਕਰ ਦਿੱਤਾ। ਪਹਿਲਾਂ ਈਸਟ ਇੰਡੀਅਨ ਡਿਫੈਂਸ ਕਮੇਟੀ ਬਣੀ। ਫਿਰ ਨਸਲਵਾਦ ਦਾ ਵਿਰੋਧ ਕਰਨ ਲਈ ਹੋਰ ਸੰਸਥਾਂਵਾਂ ਬਣੀਆਂ ਜਿਵੇਂ ਨਸਲਵਾਦ ਵਿਰੁੱਧ ਸੰਘਰਸ਼ ਸੰਮਤੀ ਜਾਂ ਬ੍ਰਿਟਿਸ਼ ਕੋਲੰਬੀਆ ਆਰਗੇਨਾਈਜੇਸ਼ਨ ਟੂ ਫਾਈਟ ਰੇਸਿਸਜ਼ਮ। ਇਹ ਦੋਵੇਂ ਸੰਸਥਾਂਵਾਂ ਮੁੱਖ ਤੌਰ `ਤੇ ਨਸਲਵਾਦ ਦਾ ਵਿਰੋਧ ਕਰਨ ਲਈ ਬਣੀਆਂ ਸਨ। ਇਹਨਾਂ ਤੋਂ ਇਲਾਵਾ ਹੋਰ ਸੰਸਥਾਵਾਂ ਸਨ ਜਿਵੇਂ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨੌਰਥ ਅਮਰੀਕਾ (ਇਪਾਨਾ) ਅਤੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ। ਉਹ ਵੀ ਆਪਣੇ ਹੋਰ ਕੰਮਾਂ ਦੇ ਨਾਲ ਨਾਲ ਨਸਲਵਾਦ ਦਾ ਵਿਰੋਧ ਕਰਨ ਲਈ ਕੰਮ ਕਰਦੀਆਂ ਸਨ। ਇਹਨਾਂ ਸਾਰੀਆਂ ਸੰਸਥਾਂਵਾਂ ਵਿੱਚ ਸਾਂਝੀ ਗੱਲ ਇਹ ਸੀ ਕਿ ਇਹ ਸਾਰੀਆਂ ਖੱਬੇ-ਪੱਖੀ, ਕਮਿਊਨਿਸਟ ਵਿਚਾਰਧਾਰਾ ਰੱਖਣ ਵਾਲੀਆਂ ਸੰਸਥਾਂਵਾਂ ਸਨ।

ਕੈਨੇਡਾ ਦੇ ਪੰਜਾਬੀ ਸਾਹਿਤ ਵਿੱਚ ਨਸਲਵਾਦ ਬਾਰੇ ਬਹੁਤ ਕੁੱਝ ਲਿਖਿਆ ਗਿਆ ਹੈ, ਖਾਸ ਕਰਕੇ 1980 ਵਿਆਂ ਦੇ ਅੱਧ ਤੱਕ ਦੇ ਲਿਖੇ ਸਾਹਿਤ ਵਿੱਚ। ਉਦਾਹਰਨ ਲਈ ਸਾਧੂ ਬਿਨਿੰਗ ਦੀ ਕਹਾਣੀ "ਜੁੱਤੀ ਦੇ ਯਾਰ", ਸਾਧੂ ਦੀਆਂ ਕਈ ਕਵਿਤਾਵਾਂ, ਅਜਮੇਰ ਰੋਡੇ ਦਾ ਨਾਟਕ "ਦੂਜਾ ਪਾਸਾ" ਅਤੇ ਹੋਰ ਬਹੁਤ ਸਾਰੇ ਕਵੀਆਂ ਦੀ ਲਿਖਤਾਂ ਦੇਖੀਆਂ ਜਾ ਸਕਦੀਆਂ ਹਨ।

ਸਵਾਲ ਦੇ ਦੂਜੇ ਹਿੱਸੇ ਵਿੱਚ ਤੁਸੀਂ ਪੁੱਛਿਆ ਹੈ ਕਿ ਕੀ ਮੈਂ ਕਦੇ ਨਿੱਜੀ ਤੌਰ `ਤੇ ਨਸਲਵਾਦ ਦਾ ਸਾਹਮਣਾ ਕੀਤਾ ਹੈ। ਇਸ ਦਾ ਜਵਾਬ ਹੈ, ਹਾਂ, ਮੇਰੇ ਨਾਲ ਨਿੱਜੀ ਪੱਧਰ ਉੱਤੇ ਨਸਲਵਾਦ ਦੀਆਂ ਘਟਨਾਵਾਂ ਵਾਪਰੀਆਂ ਹਨ। ਇਕ ਵਾਰ ਮੈਂ ਸੜਕ `ਤੇ ਤੁਰਿਆ ਜਾਂਦਾ ਸੀ, ਤਾਂ ਮੇਰੇ ਲਾਗੇ ਆ ਕੇ ਇਕ ਕਾਰ ਖੜ੍ਹੀ ਹੋਈ ਅਤੇ ਉਸ ਵਿੱਚ ਬੈਠੀਆਂ ਸਵਾਰੀਆਂ ਵਿੱਚੋਂ ਇਕ ਗੋਰੇ ਨੇ ਮੈਨੂੰ ਗਾਲ੍ਹ ਕੱਢ ਕੇ ਕਿਹਾ ਕਿ ਮੈਨੂੰ ਆਪਣੇ ਦੇਸ਼ ਵਾਪਸ ਚਲੇ ਜਾਣਾ ਚਾਹੀਦਾ ਹੈ ਅਤੇ ਫਿਰ ਉਹ ਕਾਰ ਭਜਾ ਕੇ ਲੈ ਗਏ। ਇਕ ਅੱਧੀ ਵਾਰ ਹੋਰ ਇਸ ਤ੍ਹਾਂ ਹੋਇਆ।

**ਸਵਾਲ:** ਜਦੋਂ ਤੁਹਾਡੇ ਨਾਲ ਇਸ ਤ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਸਨ, ਕੀ ਤੁਹਾਨੂੰ ਦੁੱਖ ਨਹੀਂ ਹੁੰਦਾ ਸੀ?

**ਜਵਾਬ:** ਹੁੰਦਾ ਸੀ, ਬਿਲਕੁਲ ਹੁੰਦਾ ਸੀ। ਖਾਸ ਕਰਕੇ ਸ਼ੁਰੂ ਸ਼ੁਰੂ ਵਿੱਚ। ਉਸ ਸਮੇਂ ਜਦੋਂ ਕੋਈ ਗੋਰਾ ਇਸ ਤ੍ਹਾਂ ਗਾਲ੍ਹ ਕੱਢ ਕੇ ਚਲੇ ਜਾਂਦਾ ਸੀ, ਤਾਂ ਇਕ ਬੇਵਸੀ ਦਾ ਅਹਿਸਾਸ ਹੁੰਦਾ ਸੀ। ਮਨ ਹਾਰਿਆ ਹੋਇਆ ਮਹਿਸੂਸ ਕਰਦਾ ਸੀ ਕਿ ਮੈਂ ਇਸ ਤ੍ਹਾਂ ਦੀ ਵਧੀਕੀ ਦਾ ਕੋਈ ਜਵਾਬ ਕਿਉਂ ਨਹੀਂ ਦੇ ਸਕਦਾ। ਪਰ ਬਾਅਦ ਵਿੱਚ ਮੈਂ ਉਹਨਾਂ ਸੰਸਥਾਂਵਾਂ ਦੀਆਂ ਮੀਟਿੰਗਾਂ, ਮੁਜ਼ਾਹਰਿਆਂ ਆਦਿ ਵਿੱਚ ਜਾਣ ਲੱਗਾ ਅਤੇ ਮੈਂ ਨਸਲਵਾਦ ਵਿਰੁੱਧ ਸੰਘਰਸ਼ ਸੰਮਤੀ (ਬ੍ਰਿਟਿਸ਼ ਕੋਲੰਬੀਆ ਆਰਗੇਨਾਈਜੇਸ਼ਨ ਟੂ ਫਾਈਟ ਰੇਸਿਸਜ਼ਮ) ਨਾਲ ਇਕ ਹਮਦਰਦ ਵਜੋਂ ਕੰਮ ਕਰਨ ਲੱਗਾ। ਇਹਨਾਂ ਮੀਟਿੰਗਾਂ ਵਿੱਚ ਜਾ ਕੇ, ਉੱਥੇ ਦੂਜੇ ਲੋਕਾਂ ਨੂੰ ਮਿਲ ਕੇ ਅਤੇ ਉਹਨਾਂ ਦੀਆਂ ਗੱਲਾਂ ਸੁਣ ਕੇ, ਬੇਵਸੀ ਦਾ ਅਹਿਸਾਸ ਖਤਮ ਹੋ ਗਿਆ। ਸਮਾਜ ਵਿੱਚ ਨਸਲਵਾਦ ਦੇ ਕਾਰਨਾਂ ਦੀ ਸਮਝ ਆਉਣ ਲੱਗੀ ਅਤੇ ਇਹ ਵੀ ਅਹਿਸਾਸ ਹੋਣ ਲੱਗਾ ਕਿ ਇਸ ਨਸਲਵਾਦ ਦਾ ਜਵਾਬ ਇਕੱਠੇ ਹੋ ਕੇ ਦਿੱਤਾ ਜਾ ਸਕਦਾ ਹੈ।

**ਸਵਾਲ:** ਤੁਸੀਂ ਨਸਲਵਾਦ ਵਿਰੁੱਧ ਕੰਮ ਕਰਦੀ ਸੰਸਥਾ ਦੀਆਂ ਮੀਟਿੰਗਾਂ ਵਿੱਚ ਜਾਣ ਦੀ ਗੱਲ ਕੀਤੀ ਹੈ। ਉਸ ਸਮੇਂ ਦੌਰਾਨ ਕੀ ਕਮਿਊਨਿਟੀ ਵਿਚਲੀਆਂ ਹੋਰ ਸੰਸਥਾਵਾਂ - ਸਾਹਿਤਕ ਸਭਿਆਚਾਰਕ ਸੰਸਥਾਂਵਾਂ ਆਦਿ- ਨਾਲ ਵੀ ਤੁਹਾਡਾ ਸੰਪਰਕ ਹੋਇਆ?

**ਜਵਾਬ:** ਹਾਂ। ਸਭ ਤੋਂ ਪਹਿਲਾ ਸੰਪਰਕ ਵਤਨੋਂ ਦੂਰ ਮੈਗਜ਼ੀਨ ਅਤੇ ਪੰਜਾਬੀ ਸਾਹਿਤ ਸਭਾ ਨਾਲ ਹੋਇਆ। ਮੈਨੂੰ ਵਤਨੋਂ ਦੂਰ ਦੀ ਇਕ ਕਾਪੀ ਕਿਸੇ ਦੁਕਾਨ ਤੋਂ ਮਿਲ ਗਈ। ਫਿਰ ਮੈਂ ਇਸ ਦਾ ਚੰਦਾ ਭੇਜ ਕੇ ਇਸ ਦਾ ਰੈਗੂਲਰ ਪਾਠਕ ਬਣ ਗਿਆ। ਹੌਲੀ ਹੌਲੀ ਮੈਂ ਇਸ ਵਿੱਚ ਛਪਣ ਲਈ ਆਪਣੀਆਂ ਲਿਖਤਾਂ ਭੇਜਣ ਲੱਗਾ। ਸ਼ੁਰੂ ਵਿੱਚ ਇਕ ਦੋ ਕਵਿਤਾਵਾਂ ਭੇਜੀਆਂ ਜੋ ਛਪ ਗਈਆਂ। ਫਿਰ ਇਕ ਵਾਰ ਮੈਂ ਇਕ ਮਿੰਨੀ ਕਹਾਣੀ ਇਸ ਵਿੱਚ ਛਪਣ ਲਈ ਭੇਜੀ। ਕਹਾਣੀ ਭੇਜਣ ਤੋਂ ਕੁੱਝ ਦਿਨਾਂ ਬਾਅਦ ਮੈਨੂੰ ਸਾਧੂ

ਦਾ ਫੋਨ ਆਇਆ। (ਉਸ ਸਮੇਂ ਸਾਧੂ ਵਤਨੋਂ ਦੂਰ ਦਾ ਸੰਪਾਦਕ ਹੁੰਦਾ ਸੀ। ਇਹ ਮੇਰਾ ਉਸ ਨਾਲ ਪਹਿਲਾ ਸੰਪਰਕ ਸੀ।) ਉਹ ਮੈਨੂੰ ਫੋਨ ਕਰ ਕੇ ਕਹਿੰਦਾ ਕਿ ਇੱਥੇ (ਵੈਨਕੂਵਰ) ਵਿੱਚ ਇਕ ਪੰਜਾਬੀ ਸਾਹਿਤ ਸਭਾ ਨਾਂ ਦੀ ਸੰਸਥਾ ਹੈ। ਇਸ ਵਿੱਚ ਵੈਨਕੂਵਰ ਇਲਾਕੇ ਦੇ ਪੰਜਾਬੀ ਲੇਖਕ ਮਹੀਨੇ ਵਿੱਚ ਦੋ ਵਾਰ ਇਕੱਠੇ ਹੁੰਦੇ ਹਨ ਅਤੇ ਆਪਣੀਆਂ ਰਚਨਾਵਾਂ ਇਕ ਦੂਜੇ ਨਾਲ ਸਾਂਝੀਆਂ ਕਰਦੇ ਹਨ। ਫਿਰ ਉਸ ਨੇ ਮੈਨੂੰ ਸੱਦਾ ਦਿੱਤਾ ਕਿ ਮੈਂ ਵੀ ਇਸ ਦੀ ਅਗਲੀ ਮੀਟਿੰਗ ਵਿੱਚ ਆਵਾਂ ਅਤੇ ਆ ਕੇ ਆਪਣੀ ਕਹਾਣੀ ਪੜ੍ਹਾਂ। ਪਹਿਲਾਂ ਤਾਂ ਮੈਂ ਥੋੜ੍ਹਾ ਜਿਹਾ ਝਿਜਕਿਆ, ਪਰ ਫਿਰ ਮੀਟਿੰਗ ਵਿੱਚ ਆਉਣ ਲਈ ਮੰਨ ਗਿਆ। ਇਹ ਸੰਨ 1978 ਦੇ ਸ਼ੁਰੂ ਦੀ ਗੱਲ ਹੈ। ਮੈਂ ਸਭਾ ਦੀ ਅਗਲੀ ਮੀਟਿੰਗ ਵਿੱਚ ਗਿਆ। ਉੱਥੇ ਮੈਂ ਪਹਿਲੀ ਵਾਰ ਵੈਨਕੂਵਰ ਇਲਾਕੇ ਦੇ ਦੂਜੇ ਲੇਖਕਾਂ - ਗੁਰਚਰਨ ਰਾਮਪੁਰੀ, ਅਜਮੇਰ ਰੋਡੇ, ਸਾਧੂ ਬਿਨਿੰਗ, ਅਮਰਜੀਤ ਚਾਹਲ, ਸੁਰਜੀਤ ਕਲਸੀ, ਜਰਨੈਲ ਚੰਦੀ ਆਦਿ - ਨੂੰ ਮਿਲਿਆ। ਮੈਂ ਆਪਣੀ ਮਿੰਨੀ ਕਹਾਣੀ ਪੜ੍ਹੀ, ਜੋ ਸਾਰਿਆਂ ਨੇ ਪਸੰਦ ਕੀਤੀ। ਇਸ ਤ੍ਹਾਂ ਮੈਂ ਪੰਜਾਬੀ ਸਾਹਿਤ ਸਭਾ ਵਿੱਚ ਜਾਣ ਲੱਗਾ। ਸਾਹਿਤ ਸਭਾ ਵਿੱਚ ਜਾਣਾ ਸ਼ੁਰੂ ਕਰਨ ਤੋਂ ਦੋ ਕੁ ਮਹੀਨੇ ਬਾਅਦ ਸਾਹਿਤ ਸਭਾ ਦੇ ਅਹੁਦੇਦਾਰਾਂ ਦੀ ਚੋਣ ਸੀ। ਉਸ ਚੋਣ ਵਿੱਚ ਸਾਰਿਆਂ ਨੇ ਸਰਬਸੰਮਤੀ ਨਾਲ ਮੈਨੂੰ ਸਭਾ ਦਾ ਸੈਕਟਰੀ ਚੁਣ ਲਿਆ ਜਾਂ ਇਹ ਕਹਿ ਲਉ ਕਿ ਸਾਹਿਤ ਸਭਾ ਦੇ ਸੈਕਟਰੀ ਦਾ ਕੰਮ ਕਰਨ ਦੀ ਜ਼ਿੰਮੇਵਾਰੀ ਮੇਰੇ ਸਿਰ ਪਾ ਦਿੱਤੀ। ਮੈਂ ਇਹ ਜ਼ਿੰਮੇਵਾਰੀ ਲੈ ਲਈ ਅਤੇ ਮੇਰਾ ਪੰਜਾਬੀ ਸਾਹਿਤ ਸਭਾ ਨਾਲ ਨਾਤਾ ਹੋਰ ਡੂੰਘਾ ਹੋ ਗਿਆ, ਜੋ ਹੁਣ ਤੱਕ ਚੱਲਿਆ ਆਉਂਦਾ ਹੈ।

ਕਿਉਂਕਿ ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਵਿੱਚ ਮੈਨੂੰ ਸਾਧੂ ਨੇ ਸੱਦਿਆ ਸੀ, ਇਸ ਲਈ ਮੈਨੂੰ ਸਾਹਿਤ ਸਭਾ ਦੇ ਦੂਜੇ ਮੈਂਬਰਾਂ ਦੇ ਮੁਕਾਬਲੇ ਸਾਧੂ ਨਾਲ ਜ਼ਿਆਦਾ ਨੇੜਤਾ ਮਹਿਸੂਸ ਹੁੰਦੀ ਸੀ। ਸਾਧੂ ਉਸ ਵੇਲੇ ਵਤਨੋਂ ਦੂਰ ਦੇ ਸੰਪਾਦਕ ਵਜੋਂ ਕੰਮ ਕਰਦਾ ਸੀ ਅਤੇ ਵਤਨੋਂ ਦੂਰ ਦੀ ਸੰਪਾਦਨਾ ਲਈ ਬਹੁਤ ਜ਼ਿਆਦਾ ਸਮਾਂ ਦੇਣ ਦੀ ਲੋੜ ਪੈਂਦੀ ਸੀ। ਸਾਧੂ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਉਸ ਦੀ ਵਤਨੋਂ ਦੂਰ ਦਾ ਕੰਮ ਕਰਨ ਵਿੱਚ ਮਦਦ ਕਰ ਸਕਦਾ ਹਾਂ। ਮੈਂ ਕਿਹਾ ਜ਼ਰੂਰ। ਇਸ ਲਈ ਮੈਂ ਸੰਨ 1978 ਦੇ ਅਪ੍ਰੈਲ/ਮਈ ਦੇ ਨੇੜੇ ਸਾਧੂ ਦੀ ਵਤਨੋਂ ਦੂਰ ਨੂੰ ਲੇਅ ਆਊਟ ਕਰਨ ਵਿੱਚ ਮਦਦ ਕਰਨ ਲੱਗਾ। ਉਹ ਇਹ ਕੰਮ ਜ਼ਿਆਦਾ ਆਪਣੇ ਘਰ ਕਰਦਾ ਸੀ, ਇਸ ਲਈ ਮੈਂ ਉਸ ਦੇ ਘਰ ਆਉਣ-ਜਾਣ ਲੱਗਾ। ਮੈਂ ਦੋ ਸਾਲ ਇਹ ਕੰਮ ਕਰਦਾ ਰਿਹਾ ਅਤੇ ਸੰਨ 1980 ਵਿੱਚ ਵਤਨੋਂ ਦੂਰ ਵਿੱਚ ਮੇਰਾ ਨਾਂ ਸਹਾਇਕ ਸੰਪਾਦਕ ਵਜੋਂ ਆਉਣ ਲੱਗਾ। ਇਸ ਦੇ ਨਾਲ ਹੀ ਸਾਧੂ ਅਤੇ ਮੇਰਾ ਰਲ ਕੇ ਕੰਮ ਕਰਨ ਦਾ ਸਫਰ ਸ਼ੁਰੂ ਹੋ ਗਿਆ।

ਵਤਨੋਂ ਦੂਰ ਅਤੇ ਪੰਜਾਬੀ ਸਾਹਿਤ ਸਭਾ ਨਾਲ ਜੁੜਨ ਤੋਂ ਬਾਅਦ ਉਸ ਵੇਲੇ ਕਮਿਊਨਿਟੀ ਵਿੱਚ ਕੰਮ ਕਰ ਰਹੀਆਂ ਹੋਰ ਸੰਸਥਾਂਵਾਂ- ਈਸਟ ਇੰਡੀਅਨ ਡਿਫੈਂਸ ਕਮੇਟੀ, ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮਰੀਕਾ (ਇਪਾਨਾ), ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਨਸਲਵਾਦ ਵਿਰੁੱਧ ਸੰਘਰਸ਼ ਸੰਮਤੀ (ਬ੍ਰਿਟਿਸ਼ ਕੋਲੰਬੀਆ ਆਰਗੇਨਾਈਜੇਸ਼ਨ ਟੂ ਫਾਈਟ ਰੇਸਿਸਜ਼ਮ), ਇੰਡੀਆ ਮਹਿਲਾ ਐਸੋਸੀਏਸ਼ਨ, ਸਮਾਨਤਾ, ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ- ਆਦਿ ਨਾਲ ਸੰਪਰਕ ਹੋਣ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ। ਇਹਨਾਂ ਵਿੱਚੋਂ ਬਹੁਤੀਆਂ ਸੰਸਥਾਂਵਾਂ ਆਪਣੀਆਂ ਮੀਟਿੰਗਾਂ, ਮੁਜ਼ਾਹਰਿਆਂ, ਸਰਗਰਮੀਆਂ ਆਦਿ ਦੀਆਂ ਸੂਚਨਾਵਾਂ ਅਤੇ ਰਿਪੋਰਟਾਂ ਵਤਨੋਂ ਦੂਰ ਨੂੰ ਭੇਜਦੀਆਂ ਸਨ ਅਤੇ ਅਸੀਂ ਇਹ ਚੀਜ਼ਾਂ ਵਤਨੋਂ ਦੂਰ ਵਿੱਚ ਛਾਪਦੇ ਅਤੇ ਇਹਨਾਂ ਪ੍ਰੋਗਰਾਮਾਂ ਵਿੱਚ ਹਮਦਰਦਾਂ ਵਜੋਂ ਸ਼ਮੂਲੀਅਤ ਵੀ ਕਰਦੇ। ਕਦੇ ਕਦੇ ਇਹਨਾਂ ਸੰਸਥਾਂਵਾਂ ਦੇ ਨੁਮਾਇੰਦੇ ਆਪਣੀ ਗੱਲ ਕਹਿਣ ਲਈ ਪੰਜਾਬੀ ਸਾਹਿਤ ਸਭਾ ਦੀਆਂ ਮੀਟਿੰਗਾਂ ਵਿੱਚ ਵੀ ਆਉਂਦੇ। ਉੱਥੇ ਵੀ ਉਹਨਾਂ ਨਾਲ ਮਿਲਣ ਅਤੇ ਗੱਲ ਕਰਨ ਦਾ ਮੌਕਾ ਮਿਲਦਾ। ਇਸ ਤ੍ਹਾਂ ਹੌਲੀ ਹੌਲੀ ਇਹਨਾਂ ਸੰਸਥਾਂਵਾਂ ਨਾਲ ਵੀ ਨੇੜੇ ਦੇ ਸੰਬੰਧ ਬਣ ਗਏ।

**ਸਵਾਲ:** ਇਸ ਸਾਰੇ ਸਮੇਂ ਦੌਰਾਨ ਕੰਮ ਮਿੱਲ ਵਿੱਚ ਹੀ ਕਰਦੇ ਰਹੇ?

**ਜਵਾਬ:** ਨਹੀਂ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਜਦੋਂ ਸੰਨ 1977 ਵਿੱਚ ਮੈਨੂੰ ਮਿੱਲ ਵਿੱਚ ਕੰਮ ਮਿਲਿਆ ਤਾਂ ਮੈਂ ਇਹ ਮਹਿਸੂਸ ਕੀਤਾ ਕਿ ਮੈਂ ਕੈਨੇਡਾ ਵਿੱਚ ਆਪਣੇ ਮੁਕਾਮ `ਤੇ ਪਹੁੰਚ ਗਿਆ ਹਾਂ। ਪਰ ਇਸ ਤ੍ਹਾਂ ਦੀ ਭਾਵਨਾ ਮਿੱਲ ਵਿੱਚ ਕੰਮ ਕਰਨਾ ਸ਼ੁਰੂ ਕਰਨ ਤੋਂ ਬਾਅਦ ਸਿਰਫ ਕੁੱਝ ਮਹੀਨੇ ਹੀ ਰਹੀ। ਪੰਜ ਛੇ ਮਹੀਨਿਆਂ ਬਾਅਦ ਹੀ ਮਹਿਸੂਸ ਹੋਣ ਲੱਗਾ ਕਿ ਮਿੱਲ ਮੇਰੀ ਥਾਂ ਨਹੀਂ। ਇੱਥੋਂ ਨਿਕਲਣਾ ਚਾਹੀਦਾ ਹੈ। ਨਿਕਲਣ ਦਾ ਇੱਕੋ ਇੱਕ ਰਾਹ ਦਿਸਦਾ ਸੀ, ਅਗਾਂਹ ਪੜ੍ਹਾਈ। ਸੋ ਮਿੱਲ ਵਿੱਚ ਕੰਮ ਕਰਦਿਆਂ ਵੈਨਕੂਵਰ ਦੇ ਵੋਕੇਸ਼ਨਲ ਸਕੂਲ ਵਿੱਚ ਡਰਾਫਟਸਮੈਨ ਦੇ ਕੋਰਸ ਵਿੱਚ ਦਾਖਲਾ ਲੈ ਲਿਆ। ਸਵੇਰ ਦੇ ਅੱਠ ਵਜੇ ਤੋਂ ਤਿੰਨ ਵਜੇ ਤੱਕ ਸਕੂਲ ਜਾਂਦਾ ਅਤੇ ਸ਼ਾਮ ਦੇ ਸਾਢੇ ਤਿੰਨ ਵਜੇ ਤੋਂ ਰਾਤ ਦੇ ਬਾਰਾਂ ਵਜੇ (ਅੱਧੀ ਰਾਤ) ਤੱਕ ਮਿੱਲ ਵਿੱਚ ਕੰਮ ਕਰਦਾ। ਇਹ ਕਰਨਾ ਬੜਾ ਔਖਾ ਸੀ ਅਤੇ ਮਿੱਲ ਦਾ ਕੰਮ ਸੀ ਵੀ ਭਾਰਾ। ਪਰ 4-5 ਮਹੀਨੇ ਮੈਂ ਇਸ ਤ੍ਹਾਂ ਕਰਦਾ ਰਿਹਾ। ਪਰ ਕੋਰਸ ਵਿੱਚ ਕਾਮਯਾਬੀ ਮਿਲਦੀ ਨਜ਼ਰ ਨਹੀਂ ਆਉਂਦੀ ਸੀ। ਇਸ ਦਾ ਕਾਰਨ ਇਹ ਸੀ ਕਿ ਮੇਰੇ ਵਿੱਚ ਡਰਾਫਟਸਮੈਨ ਬਣਨ ਦੀ ਯੋਗਤਾ ਬਿਲਕੁਲ ਨਹੀਂ ਸੀ। ਡਰਾਇੰਗ ਮੇਰੀ ਬਹੁਤ ਕਮਜ਼ੋਰ ਸੀ। ਮੈਨੂੰ ਦੋ ਬਿੰਦੂਆਂ ਨੂੰ ਜੋੜਦੀ ਇਕ ਸਿੱਧੀ ਲਾਈਨ ਵੀ ਸਫਾਈ ਨਾਲ ਖਿੱਚਣੀ ਨਹੀਂ ਆਉਂਦੀ ਸੀ। ਸੋ ਡਰਾਫਟਸਮੈਨ ਕਿਵੇਂ ਬਣ ਸਕਦਾ ਸੀ? ਹੁਣ ਜਦੋਂ ਮੈਂ ਇਸ ਤਜਰਬੇ ਬਾਰੇ ਪਿੱਛੇ ਨੂੰ ਦੇਖਦਾ ਹਾਂ ਤਾਂ

ਸਮਝ ਨਹੀਂ ਆਉਂਦੀ ਕਿ ਡਰਾਫਟਸਮੈਨ ਦਾ ਕੋਰਸ ਕਰਨ ਦਾ ਮੈਂ ਫੈਸਲਾ ਕਿਉਂ ਕੀਤਾ ਸੀ। ਸ਼ਾਇਦ ਮਨ ਵਿੱਚ ਇਹ ਹੋਵੇ ਕਿ ਇਹ ਕੋਰਸ ਕਰਕੇ ਮੈਨੂੰ ਕਿਸੇ ਦਫਤਰ ਵਿੱਚ ਸਾਫ ਸੁਥਰਾ ਕੰਮ ਮਿਲ ਜਾਵੇਗਾ। ਪਰ ਇਸ ਕੋਰਸ ਵਿੱਚ ਗੱਲ ਨਹੀਂ ਬਣੀ ਅਤੇ ਮੈਂ 4-5 ਮਹੀਨਿਆਂ ਬਾਅਦ ਇਹ ਕੋਰਸ ਵਿੱਚੇ ਹੀ ਛੱਡ ਦਿੱਤਾ ਅਤੇ ਦੋਬਾਰਾ ਫਿਰ ਮਿੱਲ ਵਿੱਚ ਕੰਮ ਕਰਨ ਲੱਗਾ।

ਇਕ ਵਾਰ ਫਿਰ ਲੱਗਾ ਕਿ ਮਿੱਲ ਵਿੱਚ ਬੜਾ ਸੋਹਣਾ ਕੰਮ ਹੈ, ਉਹ ਕਰੀ ਜਾਣਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਕੈਨੇਡਾ ਵਿੱਚ ਸੈੱਟ ਕਰਨ ਬਾਰੇ ਸੋਚਣਾ ਚਾਹੀਦਾ ਹੈ। ਇਸ ਦਾ ਭਾਵ ਇਹ ਸੀ ਕਿ ਹੁਣ ਵਿਆਹ-ਵਿਊਹ ਕਰਵਾ ਲੈਣਾ ਚਾਹੀਦਾ ਹੈ ਅਤੇ ਆਪਣਾ ਘਰ ਵਗੈਰਾ ਲੈਣ ਬਾਰੇ ਸੋਚਣਾ ਚਾਹੀਦਾ ਹੈ। ਘਰਦਿਆਂ ਦਾ ਅਤੇ ਆਲੇ ਦੁਆਲੇ ਦੇ ਹੋਰ ਲੋਕਾਂ ਦਾ ਵੀ ਇਹੀ ਵਿਚਾਰ ਸੀ। ਕੁੱਝ ਲੋਕਾਂ ਨੇ ਤਾਂ ਮੈਨੂੰ ਕਿਹਾ ਵੀ ਕਿ ਕੋਈ ਕੋਰਸ ਵਗੈਰਾ ਕਰਕੇ ਵੀ ਜਿਹੜਾ ਕੰਮ ਤੈਨੂੰ ਮਿਲਣਾ ਹੈ, ਉਸ ਵਿੱਚ ਪੈਸੇ ਮਿੱਲ ਜਿੰਨੇ ਹੀ ਮਿਲਣੇ ਹਨ, ਸ਼ਾਇਦ ਉਸ ਤੋਂ ਘੱਟ ਹੀ ਮਿਲਣ, ਇਸ ਲਈ ਐਵੇਂ ਪੜ੍ਹਨ ਪੁੜ੍ਹਨ ਦੇ ਪੰਗੇ `ਚ ਨਾ ਪੈ ਅਤੇ ਅਰਾਮ ਨਾਲ ਮਿੱਲ ਵਿੱਚ ਕੰਮ ਕਰੀ ਜਾ। ਸੋ ਇਸ ਹਾਲਤ ਵਿੱਚ ਸੰਨ 1980 ਵਿੱਚ ਮੈਂ ਇੰਡੀਆ ਵਿੱਚ ਵਿਆਹ ਕਰਵਾਉਣ ਚਲੇ ਗਿਆ। ਮਾਰਚ 1980 ਵਿੱਚ ਮੇਰਾ ਅੰਜੂ ਨਾਲ ਵਿਆਹ ਹੋ ਗਿਆ ਅਪ੍ਰੈਲ ਦੇ ਅਖੀਰ `ਤੇ ਮੈਂ ਕੈਨੇਡਾ ਵਾਪਸ ਆ ਗਿਆ। ਅਕਤੂਬਰ 1980 ਵਿੱਚ ਅੰਜੂ ਕੈਨੇਡਾ ਆ ਗਈ। ਮੈਂ ਮਿੱਲ ਵਿੱਚ ਕੰਮ ਕਰਨਾ ਜਾਰੀ ਰੱਖਿਆ।

ਪਰ ਮਨ ਪੂਰੀ ਤ੍ਰਹਾਂ ਸੰਤੁਸ਼ਟ ਨਹੀਂ ਸੀ। ਜੀਅ ਕਰਦਾ ਸੀ ਕਿ ਕੋਈ ਕੋਰਸ ਕਰਕੇ ਅਗਾਂਹ ਵਧਾਂ। ਸੋ 1981 ਵਿੱਚ ਇਕ ਵਾਰ ਫਿਰ ਪੜ੍ਹਾਈ ਕਰਨ ਦਾ ਮਨ ਬਣਾ ਲਿਆ। ਵੈਨਕੂਵਰ ਦੇ ਵੋਕੇਸ਼ਨਲ ਸਕੂਲ ਵਿੱਚ ਪਾਵਰ ਐਂਡ ਪ੍ਰੋਸੈੱਸ ਇੰਜਨੀਅਰਿੰਗ ਦੇ ਦੋ ਸਾਲਾਂ ਦੇ ਡਿਪਲੋਮੇ ਵਿੱਚ ਦਾਖਲਾ ਲੈ ਲਿਆ। ਮਿੱਲ ਤੋਂ ਚਾਰ ਮਹੀਨਿਆਂ ਲਈ ਛੁੱਟੀ ਲੈ ਲਈ। ਇਹ ਸੋਚ ਕੇ ਕਿ ਜੇ ਤਾਂ ਕੋਰਸ ਚੱਲ ਪਿਆ ਤਾਂ ਕੰਮ ਛੱਡ ਦੇਵਾਂਗਾ ਨਹੀਂ ਤਾਂ ਫਿਰ ਵਾਪਸ ਮਿੱਲ `ਚ ਆ ਜਾਵਾਂਗਾ। ਇਸ ਕੋਰਸ ਵਿੱਚ ਮੇਰੀ ਕਾਰਗੁਜ਼ਾਰੀ ਕਾਫੀ ਅੱਛੀ ਰਹੀ ਅਤੇ ਮੈਂ ਚਾਰ ਮਹੀਨਿਆਂ ਬਾਅਦ ਮਿੱਲ ਵਿੱਚੋਂ ਕੰਮ ਛੱਡ ਦਿੱਤਾ। ਅਤੇ ਫੁੱਲ ਟਾਇਮ ਪੜ੍ਹਾਈ ਕਰਨ ਲੱਗਾ ਅਤੇ ਵੀਕ-ਇੰਡ `ਤੇ ਸਨਿੱਚਰ ਅਤੇ ਐਤਵਾਰ ਨੂੰ ਟੈਕਸੀ ਚਲਾਉਣ ਲੱਗਾ। ਸੰਨ 1983 ਵਿੱਚ ਮੈਂ ਇਹ ਡਿਪਲੋਮਾ ਚੰਗੇ ਨੰਬਰਾਂ ਨਾਲ ਮੁਕੰਮਲ ਕਰ ਲਿਆ ਅਤੇ ਇਸ ਖੇਤਰ ਵਿੱਚ ਕੰਮ ਲੱਭਣ ਲੱਗਾ। ਇਸ ਕੰਮ ਦੇ ਜ਼ਿਆਦਾ ਮੌਕੇ ਪਲਪ ਇੰਡਸਟਰੀ (ਪੇਪਰ ਮਿੱਲਾਂ) ਅਤੇ ਤੇਲ ਦੇ ਖੇਤਰ ਵਿੱਚ ਸੀ। ਪਰ ਸੰਨ 1983 ਵਿੱਚ ਇਹਨਾਂ ਦੋਹਾਂ ਖੇਤਰਾਂ ਵਿੱਚ ਕਾਫੀ ਤੋਂ ਜ਼ਿਆਦਾ ਮੰਦਾ ਪੈ ਗਿਆ। ਮੇਰੇ ਵਲੋਂ ਕਾਫੀ ਕੋਸ਼ਿਸ਼ ਕਰਨ ਤੋਂ ਬਾਅਦ ਵੀ ਮੈਨੂੰ ਪਾਵਰ ਐਂਡ

ਪ੍ਰੋਸੈੱਸ ਇੰਜਨੀਅਰਿੰਗ ਦਾ ਕੰਮ ਨਾ ਮਿਲਿਆ। ਸਾਲ ਡੇਢ ਸਾਲ ਬਾਅਦ ਮੈਂ ਇਸ ਖੇਤਰ ਵਿੱਚ ਕੰਮ ਮਿਲ ਜਾਣ ਦੀ ਆਸ ਛੱਡ ਦਿੱਤੀ। ਇਸ ਦੇ ਨਾਲ ਹੀ ਇਹ ਫੈਸਲਾ ਕਰ ਲਿਆ ਕਿ ਹੁਣ ਨੌਕਰੀ ਲੈਣ ਲਈ ਕਦੇ ਵੀ ਪੜ੍ਹਾਈ ਨਹੀਂ ਕਰਨੀ। ਜੇ ਪੜ੍ਹਨਾ ਹੋਇਆ ਤਾਂ ਆਪਣਾ ਗਿਆਨ ਵਧਾਉਣ ਲਈ ਪੜ੍ਹਨਾ ਹੈ, ਆਪਣੇ ਆਪ ਨੂੰ ਜਾਗਰਿਤੀ ਵਾਲਾ ਇਨਸਾਨ ਬਣਾਉਣ ਲਈ ਪੜ੍ਹਨਾ ਹੈ ਪਰ ਨੌਕਰੀ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਪੜ੍ਹਨਾ। ਰੋਟੀ ਕਮਾਉਣ ਲਈ ਜੋ ਵੀ ਮਿਹਨਤ ਮਜ਼ਦੂਰੀ ਦਾ ਕੰਮ ਮਿਲਿਆ ਉਹ ਕਰ ਲੈਣਾ ਹੈ। ਸੋ ਮੈਂ ਫਿਰ ਮਿਹਨਤ ਮਜ਼ਦੂਰੀ ਦੇ ਕੰਮ ਕਰਨ ਲੱਗਾ। ਮੇਰੇ ਕੋਲ ਫਸਟ ਏਡ ਦਾ ਸਰਟੀਫਿਕੇਟ ਸੀ, ਉਸ ਕਰਕੇ ਮੈਨੂੰ ਕਿਤੇ ਨਾ ਕਿਤੇ ਕੈਜ਼ੂਅਲ ਕੰਮ ਮਿਲਦਾ ਰਹਿੰਦਾ ਸੀ। ਜਦੋਂ ਕੋਈ ਹੋਰ ਕੰਮ ਨਹੀਂ ਹੁੰਦਾ ਸੀ, ਉਦੋਂ ਮੈਂ ਟੈਕਸੀ ਚਲਾ ਲੈਂਦਾ ਸੀ।

ਪਰ ਇਸ ਸਾਰੇ ਸਮੇਂ ਦੌਰਾਨ ਕਮਿਊਨਿਟੀ ਵਿਚਲੇ ਦੂਸਰੇ ਕੰਮਾਂ ਵਿੱਚ ਪੂਰੀ ਤ੍ਰਹਾਂ ਸ਼ਮੂਲੀਅਤ ਕਰਦਾ ਰਿਹਾ ਭਾਵ ਵਤਨੋਂ ਦੂਰ ਦਾ ਕੰਮ ਕਰਦਾ ਰਿਹਾ, ਪੰਜਾਬੀ ਸਾਹਿਤ ਸਭਾ ਦੀਆਂ ਮੀਟਿੰਗਾਂ ਵਿੱਚ ਜਾਂਦਾ ਰਿਹਾ ਅਤੇ ਕਮਿਊਨਿਟੀ ਦੀਆਂ ਹੋਰ ਸੰਸਥਾਂਵਾਂ ਵਿੱਚ ਹਮਦਰਦ ਵਜੋਂ ਸ਼ਾਮਲ ਹੁੰਦਾ ਰਿਹਾ।

**ਸਵਾਲ:** ਤੁਸੀਂ ਵੈਨਕੂਵਰ ਸੱਥ ਕਦੋਂ ਬਣਾਈ?

**ਜਵਾਬ:** ਸੰਨ 1983 ਵਿੱਚ। ਹੋਇਆ ਇਸ ਤ੍ਰਹਾਂ ਕਿ ਸੰਨ 1982 ਦੇ ਦੂਸਰੇ ਅੱਧ ਵਿੱਚ ਅੰਦਰੂਨੀ ਸਿਆਸਤ ਕਾਰਨ ਪੰਜਾਬੀ ਸਾਹਿਤ ਸਭਾ ਦੀਆਂ ਗਤੀਵਿਧੀਆਂ ਵਿੱਚ ਵਿਘਨ ਪੈ ਗਿਆ। ਇਸ ਸਮੇਂ ਅਸੀਂ (ਸਾਧੂ ਬਿਨਿੰਗ, ਮੈਂ, ਸਰਵਨ ਬੋਲ, ਅਮਰਜੀਤ ਚਾਹਲ, ਭੁਪਿੰਦਰ ਢਿੱਲੋਂ ਨੇ) ਵੈਨਕੂਵਰ ਸੱਥ ਨਾਂ ਦੀ ਸੰਸਥਾ ਬਣਾ ਲਈ। ਇਸ ਦਾ ਪਹਿਲਾ ਉਦੇਸ਼ ਇਹ ਰੱਖਿਆ ਕਿ ਅਸੀਂ ਸਾਰੇ ਹਫਤੇ ਦੋ ਹਫਤਿਆਂ ਬਾਅਦ ਮਿਲਿਆ ਕਰਾਂਗੇ ਅਤੇ ਕਿਸੇ ਇਕ ਵਿਸ਼ੇ ਬਾਰੇ ਵਿਸਥਾਰ ਵਿੱਚ ਵਿਚਾਰ ਵਟਾਂਦਰਾ ਕਰਿਆ ਕਰਾਂਗੇ ਅਤੇ ਉਸ ਵਿਚਾਰ ਵਟਾਂਦਰੇ ਦੇ ਨੋਟ ਲਿਆ ਕਰਾਂਗੇ ਅਤੇ ਉਹਨਾਂ ਦੇ ਆਧਾਰ `ਤੇ ਲੇਖ ਲਿਖਿਆ ਕਰਾਂਗੇ ਅਤੇ ਕਮਿਊਨਿਟੀ ਦੇ ਅਖਬਾਰਾਂ ਵਿੱਚ ਛਪਵਾਇਆ ਕਰਾਂਗੇ। ਇਸ ਉਦੇਸ਼ ਨਾਲ ਅਸੀਂ ਉਸ ਸਮੇਂ ਅੱਧੀ ਦਰਜਨ ਦੇ ਕਰੀਬ ਲੇਖ ਲਿਖੇ ਜਿਹਨਾਂ ਦੇ ਨਾਂ ਇਸ ਪ੍ਰਕਾਰ ਹਨ: ਪੰਜਾਬੀ ਅਵਾਸੀ ਅਤੇ ਉਹਨਾਂ ਨੂੰ ਮਿਲਦੇ ਕੰਮ, ਪੰਜਾਬ 'ਤੇ ਫੌਜੀ ਹਮਲਾ: ਬਾਹਰੋਂ ਇਕ ਝਾਤ, ਲਾਸ਼ਾਂ ਦਾ ਸ਼ਹਿਰ ਭੂਪਾਲ, ਖੇਤ ਮਜ਼ਦੂਰਾਂ ਦੇ ਘੋਲ ਦੀ ਭਾਰਤੀ ਕਮਿਊਨਿਟੀ ਲਈ ਮਹੱਤਤਾ ਅਤੇ ਸਾਊਥ ਅਫਰੀਕਾ। ਇਹਨਾਂ ਲੇਖਾਂ ਬਾਰੇ ਵਿਚਾਰ ਵਟਾਂਦਰਾ ਕਰਨ ਵਿੱਚ ਉੱਪਰ ਦੱਸੇ ਸਾਰੇ ਦੋਸਤ ਹਿੱਸਾ ਲੈਂਦੇ ਸਨ, ਪਰ ਇਹਨਾਂ ਨੂੰ ਲਿਖਣ ਦਾ ਕਾਰਜ ਸਾਧੂ ਬਿਨਿੰਗ ਅਤੇ ਮੈਂ ਕਰਦੇ ਸੀ।

ਕੁੱਝ ਮਹੀਨਿਆਂ ਬਾਅਦ ਸਾਨੂੰ ਲੱਗਾ ਕਿ  ਕਮਿਊਨਿਟੀ ਵਿੱਚ ਕਮਿਊਨਿਟੀ ਦੇ ਸਨਮੁੱਖ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਤੋਰਨ ਲਈ ਲੇਖ ਲਿਖਣ ਦਾ ਕੰਮ ਇੰਨਾ ਅਸਰਦਾਰ ਨਹੀਂ। ਪੰਜਾਬੀ ਲੋਕਾਂ ਵਿੱਚ ਸਾਹਿਤ ਪੜ੍ਹਨ ਦੀ ਰੁਚੀ ਘੱਟ ਹੈ, ਅਤੇ ਵਿਸਤ੍ਰਿਤ ਅਤੇ ਲੰਬੇ ਲੇਖ ਵਗੈਰਾ ਪੜ੍ਹਨ ਦੀ ਰੁਚੀ ਤਾਂ ਬਹੁਤ ਘੱਟ। ਇਸ ਲਈ ਅਸੀਂ ਲੇਖ ਲਿਖ ਕੇ ਬਹੁਤੇ ਲੋਕਾਂ ਤੱਕ ਨਹੀਂ ਪਹੁੰਚ ਰਹੇ। ਅਸੀਂ ਸੋਚਿਆ ਕਿਉਂ ਨਾ ਆਪਣੀ ਗੱਲ ਕਹਿਣ ਲਈ ਨਾਟਕ ਦੀ ਵਿਧਾ ਨੂੰ ਵਰਤਿਆ ਜਾਵੇ। ਪੰਜਾਬੀ ਲੋਕ ਲੇਖ ਪੜ੍ਹਨ ਦੇ ਮੁਕਾਬਲੇ ਨਾਟਕ ਦੇਖਣ ਵਿੱਚ ਜ਼ਿਆਦਾ ਦਿਲਚਸਪੀ ਲੈਂਦੇ ਹਨ। ਇਸ ਸਮੇਂ ਦੌਰਾਨ ਸੰਨ 1983 ਵਿੱਚ ਗੁਰਸ਼ਰਨ ਸਿੰਘ ਨਾਟਕਕਾਰ ਪਹਿਲੀ ਵਾਰ ਆਪਣੀ ਟੀਮ ਲੈ ਕੇ ਕੈਨੇਡਾ ਵਿੱਚ ਨਾਟਕ ਕਰਨ ਆਏ। ਉਹਨਾਂ ਨੂੰ ਕੈਨੇਡਾ ਵਿੱਚ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨੌਰਥ ਅਮਰੀਕਾ ਨੇ ਸੱਦਿਆ ਸੀ। ਸਾਨੂੰ ਭਾਜੀ ਗੁਰਸ਼ਰਨ ਸਿੰਘ ਅਤੇ ਉਹਨਾਂ ਦੀ ਟੀਮ ਨਾਲ ਮਿਲਣ ਦਾ ਮੌਕਾ ਮਿਲਿਆ। ਉਹਨਾਂ ਨਾਲ ਵੀ ਅਸੀਂ ਨਾਟਕ ਕਰਨ ਬਾਰੇ ਆਪਣੇ ਇਰਾਦੇ ਦੀ ਗੱਲ ਕੀਤੀ। ਉਹਨਾਂ ਨੇ ਸਾਨੂੰ ਇਸ ਬਾਰੇ ਕਾਫੀ ਉਤਸ਼ਾਹਿਤ ਕੀਤਾ। ਅਸੀਂ ਨਾਟਕ ਕਰਨ ਬਾਰੇ ਆਪਣਾ ਮਨ ਬਣਾ ਲਿਆ। ਇਸ ਸਮੇਂ ਵੈਨਕੂਵਰ ਸੱਥ ਨਾਲ ਹੋਰ ਲੋਕ ਵੀ ਆ ਜੁੜੇ, ਜਿਹਨਾਂ ਵਿੱਚ ਸ਼ਾਮਲ ਸਨ: ਮੱਖਣ ਟੁੱਟ, ਮੇਰੀ ਸਾਥਣ ਅੰਜੂ ਹੁੰਦਲ, ਸਾਧੂ ਬਿਨਿੰਗ ਦੀ ਸਾਥਣ ਜਗਦੀਸ਼ ਬਿਨਿੰਗ, ਪਾਲ ਬਿਨਿੰਗ। ਕੁੱਝ ਮਹੀਨਿਆਂ ਬਾਅਦ ਅਮਨਪਾਲ ਸਾਰਾ ਅਤੇ ਹਰਜੀ ਸਾਂਗਰਾ ਵੀ ਸਾਡੇ ਸਾਥੀ ਬਣ ਗਏ।

ਅਸੀਂ ਆਪਣਾ ਨਾਟਕਾਂ ਦਾ ਪਹਿਲਾ ਪ੍ਰੋਗਰਾਮ ਮਾਰਚ 1984 ਵਿੱਚ ਵੈਨਕੂਵਰ ਵਿੱਚ ਕੀਤਾ। ਇਸ ਵਿੱਚ ਦੋ ਨਾਟਕ ਖੇਡੇ ਗਏ, ਇਕ ਮੱਖਣ ਟੁੱਟ ਦਾ ਲਿਖਿਆ ਹੋਇਆ ਨਾਟਕ "ਪੰਜਾਬ ਦੀ ਅਵਾਜ਼" ਅਤੇ ਦੂਸਰਾ ਗੁਰਸ਼ਰਨ ਸਿੰਘ ਹੋਰਾਂ ਦਾ ਨਾਟਕ "ਕੁਰਸੀ, ਮੋਰਚਾ ਅਤੇ ਹਵਾ ਵਿੱਚ ਲਟਕਦੇ ਲੋਕ"। 1984 ਦੀਆਂ ਗਰਮੀਆਂ ਵਿੱਚ ਵੈਨਕੂਵਰ ਦੇ ਨੇੜੇ ਦੇ ਸ਼ਹਿਰ ਲੈਂਗਲੀ ਵਿੱਚ ਇਕ ਮਸ਼ਰੂਮ ਫਾਰਮ ਵਿੱਚ ਕੰਮ ਕਰਨ ਵਾਲੀਆਂ ਖੇਤ ਮਜ਼ਦੂਰ ਔਰਤਾਂ ਨੇ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੀ ਅਗਵਾਈ ਹੇਠ ਹੜਤਾਲ ਕਰ ਦਿੱਤੀ। ਇਹ ਹੜਤਾਲ ਮਹੀਨੇ ਦੇ ਕਰੀਬ ਚੱਲੀ। ਕਮਿਊਨਿਟੀ ਵਿਚਲੇ ਹੋਰ ਲੋਕਾਂ ਵਾਂਗ ਮੈਂ ਅਤੇ ਸਾਧੂ ਵੀ ਇਹਨਾਂ ਔਰਤਾਂ ਦੀ ਹਿਮਾਇਤ ਵਿੱਚ ਪਿਕਟ ਲਾਈਨ `ਤੇ ਜਾਂਦੇ ਹੁੰਦੇ ਸੀ। ਉੱਥੇ ਜੋ ਕੁੱਝ ਹੁੰਦਾ ਸੀ, ਉਸ ਨੂੰ ਦੇਖਦੇ ਸੀ। ਉਸ ਹੜਤਾਲ ਬਾਰੇ ਕਮਿਊਨਿਟੀ ਦੀਆਂ ਅਖਬਾਰਾਂ ਵਿੱਚ ਰਿਪੋਰਟਾਂ ਵੀ ਲਿਖਦੇ ਸੀ ਅਤੇ ਹੜਤਾਲ ਕਰਨ ਵਾਲੀਆਂ ਔਰਤਾਂ ਨਾਲ ਇਕ ਲੰਬੀ ਇੰਟਰਵਿਊ ਕਰਕੇ ਵੈਨਕੂਵਰ ਦੀਆਂ ਸਥਾਨਕ ਪੰਜਾਬੀ ਅਖਬਾਰਾਂ ਵਿੱਚ ਛਪਵਾਈ ਸੀ। ਫਿਰ ਅਸੀਂ ਇਸ ਹੜਤਾਲ ਬਾਰੇ ਇਕ ਨਾਟਕ ਲਿਖਣ ਬਾਰੇ ਸੋਚਿਆ ਅਤੇ ਸਾਧੂ ਅਤੇ ਮੈਂ ਮਿਲ ਕੇ

ਨਾਟਕ ਲਿਖਿਆ "ਪਿਕਟ ਲਾਈਨ"। ਇਹ ਨਾਟਕ ਪਹਿਲੀ ਵਾਰ ਨਵੰਬਰ 1984 ਵਿੱਚ ਵੈਨਕੂਵਰ ਵਿੱਚ ਖੇਡਿਆ ਗਿਆ। ਕਮਿਊਨਿਟੀ ਵਿੱਚ ਇਸ ਨੂੰ ਚੰਗਾ ਹੁੰਗਾਰਾ ਮਿਲਿਆ। ਇਸ ਨਾਟਕ ਨਾਲ ਸਾਧੂ ਅਤੇ ਮੇਰੇ ਵਲੋਂ ਮਿਲ ਕੇ ਕੈਨੇਡਾ ਦੀ ਪੰਜਾਬੀ ਕਮਿਊਨਿਟੀ ਦੇ ਮਸਲਿਆਂ ਬਾਰੇ ਨਾਟਕ ਲਿਖਣ ਦੇ ਕੰਮ ਦੀ ਸ਼ੁਰੂਆਤ ਹੋਈ ਅਤੇ ਆਉਣ ਵਾਲੇ ਸਾਲਾਂ ਦੌਰਾਨ ਅਸੀਂ ਮਿਲ ਕੇ ਅੱਧੀ ਦਰਜਨ ਦੇ ਕਰੀਬ ਨਾਟਕ ਲਿਖੇ ਜਿਹਨਾਂ ਦੇ ਨਾਂ ਹਨ: ਪਿਕਟ ਲਾਈਨ, ਲੱਤਾਂ ਦੇ ਭੂਤ, ਹਵੇਲੀਆਂ `ਤੇ ਪਾਰਕਾਂ, ਕਿਹਦਾ ਵਿਆਹ, ਜ਼ਹਿਰ ਦੀ ਫਸਲ, ਮਲੂਕੇ ਦਾ ਵਿਸ਼ਵ ਵਿਦਿਆਲਾ, ਸਮੁੰਦਰੀ ਸ਼ੇਰ ਨਾਲ ਟੱਕਰ ਅਤੇ ਨੋ ਸਮਾਲ ਮੈਟਰ। ਇਹਨਾਂ ਵਿੱਚ ਕੁੱਝ ਨਾਟਕਾਂ, ਜਿਵੇਂ ਪਿਕਟ ਲਾਈਨ ਅਤੇ ਜ਼ਹਿਰ ਦੀ ਫਸਲ ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਗਿਆ। ਇਹ ਸਾਰੇ ਨਾਟਕ ਕੈਨੇਡਾ ਵਿੱਚ ਕਈ ਕਈ ਵਾਰੀ ਖੇਡੇ ਗਏ। ਸਾਡੇ ਨਾਟਕਾਂ ਦੇ ਕੰਮ ਵਿੱਚ ਉੱਪਰ ਦੱਸੇ ਲੋਕਾਂ ਤੋਂ ਬਿਨਾਂ ਜਿਹੜੇ ਹੋਰ ਲੋਕਾਂ ਨੇ ਯੋਗਦਾਨ ਪਾਇਆ, ਉਹਨਾਂ ਦੇ ਨਾਂ ਹਨ: ਇੰਦਰਜੀਤ ਰੋਡੇ, ਬਲਵਿੰਦਰ ਰੋਡੇ, ਪਿੰਦੀ ਗਿੱਲ, ਅੰਮ੍ਰਿਤ ਮਾਨ, ਨਿੱਕ ਸਹੋਤਾ, ਮਾਈਕ ਬੈਂਸ, ਬਲਿੰਦਰ ਜੋਹਲ, ਮਨਜੀਤ ਲੇਹਲ, ਰਛਪਾਲ, ਜਸ ਬਿਨਿੰਗ, ਸੀਤਲ ਢਿੱਲੋਂ, ਭਾਵਨਾ ਭੰਗੂ, ਸ਼ਿੰਦਰ ਬਰਾੜ, ਸੁਖਵਿੰਦਰ ਤੱਖਰ ਅਤੇ ਗੁਰਚਰਨ ਟੱਲੇਵਾਲੀਆ।

**ਸਵਾਲ:** ਤੁਸੀਂ ਵਤਨ ਮੈਗਜ਼ੀਨ ਦੇ ਸਹਿ ਸੰਪਾਦਕ ਰਹੇ ਹੋ? ਉਸ ਬਾਰੇ ਦੱਸੋ ਕਿ ਤੁਸੀਂ ਉਹ ਮੈਗਜ਼ੀਨ ਕਦੋਂ ਕੱਢਣਾ ਸ਼ੁਰੂ ਕੀਤਾ?

**ਜਵਾਬ:** ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਮੈਂ ਸੰਨ 1978 ਤੋਂ ਵਤਨੋਂ ਦੂਰ ਮੈਗਜ਼ੀਨ ਨਾਲ ਕੰਮ ਕਰਵਾਉਣ ਲੱਗ ਪਿਆ ਸੀ। ਉਸ ਸਮੇਂ ਸਾਧੂ ਉਹਦਾ ਸੰਪਾਦਕ ਹੁੰਦਾ ਸੀ ਅਤੇ ਮੈਂ ਸੰਨ 1980 ਤੋ ਉਸ ਦਾ ਸਹਾਇਕ ਸੰਪਾਦਕ। ਸੰਨ 1983 ਤੱਕ ਵੈਨਕੂਵਰ ਦੀ ਟੀਮ ਇੱਥੋਂ ਵੈਨਕੂਵਰ ਤੋਂ ਵਤਨੋਂ ਦੂਰ ਕੱਢਦੀ ਰਹੀ ਅਤੇ ਫਿਰ ਵਤਨੋਂ ਦੂਰ ਨੂੰ ਲਗਾਤਾਰ ਕੱਢਣ ਦੀ ਜ਼ਿੰਮੇਵਾਰੀ ਐਡਮੰਟਨ ਦੀ ਟੀਮ (ਸੁਰਿੰਦਰ ਧੰਜਲ, ਸਤਵੰਤ ਦੀਪਕ, ਲਾਟ ਭਿੰਡਰ, ਅਵਤਾਰ ਗਿੱਲ ਅਤੇ ਹੋਰ ਦੋਸਤਾਂ) ਨੇ ਲੈ ਲਈ। ਐਡਮੰਟਨ ਤੋਂ ਵਤਨੋ ਦੂਰ 1986 ਤੱਕ ਨਿਕਲਦਾ ਰਿਹਾ। ਉਸ ਤੋਂ ਬਾਅਦ ਬੰਦ ਹੋ ਗਿਆ।

ਸੰਨ 1989 ਵਿੱਚ ਅਸੀਂ ਵੈਨਕੂਵਰ ਤੋਂ ਇਕ ਵਾਰ ਫਿਰ ਪਰਚੇ ਨੂੰ ਕੱਢਣ ਦਾ ਫੈਸਲਾ ਕੀਤਾ। ਇਸ ਵਾਰ ਅਸੀਂ ਉਸ ਦਾ ਨਾਂ ਵਤਨੋਂ ਦੂਰ ਤੋਂ ਬਦਲ ਕੇ ਵਤਨ ਰੱਖ ਦਿੱਤਾ। ਪਰਚੇ ਦਾ ਨਾਂ ਬਦਲਣ ਪਿੱਛੇ ਸਾਡਾ ਮਕਸਦ ਇਹ ਸੀ, ਕਿ ਅਸੀਂ ਕੈਨੇਡਾ ਵਿੱਚ ਆਪਣੇ ਵਤਨ ਤੋਂ ਦੂਰ ਨਹੀਂ ਹਾਂ, ਸਗੋਂ ਹੁਣ ਕੈਨੇਡਾ ਹੀ ਸਾਡਾ ਵਤਨ ਹੈ। ਸਾਨੂੰ ਕੈਨੇਡਾ ਵਿੱਚ ਇਹ ਸੋਚ ਰੱਖ ਕੇ ਜਿਉਣਾ ਚਾਹੀਦਾ ਹੈ ਤਾਂ ਹੀ ਅਸੀਂ ਇਸ ਦੇਸ਼ ਵਿੱਚ ਆਪਣੀ ਬਣਦੀ ਥਾਂ ਬਣਾ ਸਕਾਂਗੇ। ਵਤਨ ਨੂੰ ਇਕ ਤ੍ਰੈਮਾਸਕ ਪਰਚੇ ਵਜੋਂ ਸ਼ੁਰੂ ਕੀਤਾ

ਗਿਆ ਅਤੇ ਇਸ ਦਾ ਪਹਿਲਾ ਅੰਕ ਜੁਲਾਈ/ਅਗਸਤ/ ਸਤੰਬਰ -1989 ਵਿੱਚ ਕਾਮਾਗਾਟਾਮਾਰੂ ਵਿਸ਼ੇਸ਼ ਅੰਕ ਵਜੋਂ ਨਿਕਲਿਆ। ਇਸ ਸਮੇਂ ਇਸ ਨੂੰ ਸੰਪਾਦਨ ਕਰਨ ਦੀ ਜ਼ਿੰਮੇਵਾਰੀ ਸਾਧੂ ਅਤੇ ਮੈਂ ਸੰਭਾਲੀ। ਸਾਡੇ ਦੋਹਾਂ ਤੋਂ ਬਿਨਾਂ ਵੈਨਕੂਵਰ ਤੋਂ ਪਾਲ ਬਿਨਿੰਗ, ਅਮਨਪਾਲ ਸਾਰਾ, ਗੁਰਮੇਲ ਰਾਏ, ਹਰਜੀ ਸਾਂਗਰਾ ਵਤਨ ਨੂੰ ਕੱਢਣ ਵਾਲੀ ਟੀਮ ਦੇ ਮੈਂਬਰ ਸਨ ਅਤੇ ਐਡਮੰਟਨ ਤੋਂ ਸਤਵੰਤ ਦੀਪਕ ਅਤੇ ਲਾਟ ਭਿੰਡਰ।

ਵਤਨ ਨੂੰ ਕੈਨੇਡਾ ਅਤੇ ਸਮੁੱਚੇ ਪੰਜਾਬੀ ਸਾਹਿਤਕ ਜਗਤ ਵਿੱਚ ਬਹੁਤ ਹੀ ਹਾਂ-ਪੱਖੀ ਹੁੰਗਾਰਾ ਮਿਲਿਆ ਖਾਸ ਕਰਕੇ ਇਸ ਦੇ ਵਿਸ਼ੇਸ਼ ਅੰਕਾਂ ਨੂੰ। ਕਾਮਾਗਾਟਾਮਾਰੂ ਵਿਸ਼ੇਸ਼ ਅੰਕ ਵਿੱਚ ਬਹੁਤ ਸਾਰੀ ਅਜਿਹੀ ਜਾਣਕਾਰੀ ਸੀ ਜੋ ਪੰਜਾਬੀ ਵਿੱਚ ਪਹਿਲੀ ਵਾਰੀ ਛਪੀ ਸੀ। ਜੁਲਾਈ/ਅਗਸਤ/ਸਤੰਬਰ 1991 ਨੂੰ ਛਪੇ ਕੈਨੇਡੀਅਨ ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ ਵਿੱਚ ਅਸੀਂ ਉਸ ਸਮੇਂ ਤੱਕ ਕੈਨੇਡਾ ਵਿੱਚ ਹੋਏ ਪੰਜਾਬੀ ਰੰਗਮੰਚ ਦੀਆਂ ਗਤੀਵਿਧੀਆਂ ਨੂੰ ਵਿਸਥਾਰ ਨਾਲ ਰਿਕਾਰਡ ਕਰਨ ਦਾ ਯਤਨ ਕੀਤਾ ਅਤੇ ਅਜਿਹਾ ਕਰਨ ਵਿੱਚ ਕਾਮਯਾਬ ਹੋਏ। ਇਹ ਅੰਕ ਆਪਣੇ ਆਪ ਵਿੱਚ ਉਸ ਸਮੇਂ ਤੱਕ ਕੈਨੇਡਾ ਵਿੱਚ ਹੋਏ ਪੰਜਾਬੀ ਰੰਗਮੰਚ ਬਾਰੇ ਜਾਣਕਾਰੀ ਦਾ ਰੈਫਰੈਂਸ ਅੰਕ ਬਣ ਗਿਆ। ਮੈਂ ਇਹ ਗੱਲ ਬਹੁਤ ਨਿਮਰਤਾ ਨਾਲ ਕਹਿਣਾ ਚਾਹਾਂਗਾ ਕਿ ਅੱਜ ਵੀ ਜੇ ਕਿਸੇ ਨੇ ਕੈਨੇਡਾ ਵਿੱਚ 1970 ਤੋਂ ਲੈ ਕੇ 1991 ਤੱਕ ਹੋਏ ਪੰਜਾਬੀ ਰੰਗਮੰਚ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਉਸ ਨੂੰ ਇਸ ਤੋਂ ਬਿਹਤਰ ਹੋਰ ਕੋਈ ਸ੍ਰੋਤ ਨਹੀਂ ਮਿਲੇਗਾ।

ਅਸੀਂ ਵਤਨ ਨੂੰ ਪੰਜ ਸਾਲ ਲਗਾਤਾਰ ਕੱਢਣ ਤੋਂ ਬਾਅਦ 1994 ਦੇ ਅਖੀਰ ਵਿੱਚ ਬੰਦ ਕਰ ਦਿੱਤਾ। ਅਗਲੇ ਤੇਰਾਂ ਸਾਲ ਇਹ ਬੰਦ ਰਿਹਾ। ਫਿਰ 2007 ਵਿੱਚ ਅਸੀਂ ਇਸ ਨੂੰ ਆਨਲਾਈਨ ਮੈਗਜ਼ੀਨ ਦੇ ਰੂਪ ਵਿੱਚ ਕੱਢਣਾ ਸ਼ੁਰੂ ਕੀਤਾ ਅਤੇ ਇਹ ਆਨਲਾਈਨ ਰੂਪ ਵਿੱਚ ਸਮੇਂ ਦੇ ਅਨਿਸ਼ਚਿਤ ਵਕਫਿਆਂ ਵਿੱਚ 2016 ਤੱਕ ਨਿਕਲਦਾ ਰਿਹਾ।

**ਸਵਾਲ:** ਉਹਨਾਂ ਦਿਨਾਂ ਵਿੱਚ ਤੁਸੀਂ ਸਮੇਂ ਦੀ ਅਵਾਜ਼ ਨਾਂ ਦੇ ਰੇਡੀਉ ਪ੍ਰੋਗਰਾਮ ਨਾਲ ਵੀ ਜੁੜੇ ਹੋਏ ਸੀ, ਉਸ ਬਾਰੇ ਦੱਸੋ?

**ਜਵਾਬ:** ਇਹ ਸੰਨ 1986 ਦੇ ਸ਼ੁਰੂ ਦੀ ਗੱਲ ਹੈ। ਉਸ ਸਮੇਂ ਕੈਨੇਡਾ ਵਿੱਚ ਪੰਜਾਬੀ ਰੇਡੀਉ ਇੰਨਾ ਪ੍ਰਫੁੱਲਤ ਨਹੀਂ ਸੀ। ਕੁੱਝ ਲੋਕ ਮੁੱਖ ਧਾਰਾ ਦੇ ਰੇਡੀਉ ਸਟੇਸ਼ਨਾਂ `ਤੇ ਹਫਤੇ ਵਿੱਚ ਕੁੱਝ ਘੰਟੇ ਦਾ ਸਮਾਂ ਕਿਰਾਏ `ਤੇ ਲੈ ਕੇ ਰੇਡੀਉ ਪ੍ਰੋਗਰਾਮ ਪ੍ਰਸਾਰਿਤ ਕਰਿਆ ਕਰਦੇ ਸਨ। ਰੇਡੀਉ ਪ੍ਰੋਗਰਾਮ

ਵਿੱਚ ਮੁੱਖ ਤੌਰ `ਤੇ ਪੰਜਾਬੀ ਅਤੇ ਹਿੰਦੀ ਦਾ ਗੀਤ-ਸੰਗੀਤ ਪੇਸ਼ ਕੀਤਾ ਜਾਂਦਾ ਸੀ ਅਤੇ ਕਮਿਊਨਿਟੀ ਵਿਚਲੇ ਵਪਾਰਾਂ ਦੀਆਂ ਮਸ਼ਹੂਰੀਆਂ ਕੀਤੀਆਂ ਜਾਂਦੀਆਂ ਸਨ। ਇਸ ਸਮੇਂ ਅਸੀਂ (ਚਰਨਪਾਲ ਗਿੱਲ, ਮੈਂ, ਰਾਣੀ ਗਿੱਲ, ਕੁਲਵਿੰਦਰ ਬੈਂਸ, ਨੀਤਾ ਪੰਧੇਰ, ਅਤੇ ਨਿੱਕ ਸਹੋਤਾ ਨੇ) ਵੈਨਕੂਵਰ ਕੋਅਪ੍ਰੇਟਿਵ ਰੇਡੀਉ `ਤੇ ਸਮੇਂ ਦੀ ਅਵਾਜ਼ ਨਾਂ ਦਾ ਇਕ ਰੇਡੀਉ ਪ੍ਰੋਗਰਾਮ ਸ਼ੁਰੂ ਕੀਤਾ। ਇਹ ਪ੍ਰੋਗਰਾਮ ਹਰ ਸਨਿਚਰਵਾਰ ਨੂੰ ਇਕ ਘੰਟੇ ਲਈ ਪ੍ਰਸਾਰਿਤ ਕੀਤਾ ਜਾਂਦਾ ਸੀ। ਇਸ ਪ੍ਰੋਗਰਾਮ ਦੀ ਰੂਪ ਰੇਖਾ ਹਫਤਾਵਾਰੀ ਰੇਡੀਉ ਮੈਗਜ਼ੀਨ ਦੇ ਰੂਪ ਵਿੱਚ ਸੀ। ਪੰਜਾਬੀ ਅਤੇ ਅੰਗਰੇਜ਼ੀ ਵਿੱਚ ਪੇਸ਼ ਕੀਤੇ ਜਾਂਦੇ ਇਸ ਪ੍ਰੋਗਰਾਮ ਦਾ ਵਿਸ਼ਾ ਵਸਤੂ ਕੈਨੇਡਾ ਦੀ ਪੰਜਾਬੀ ਕਮਿਊਨਿਟੀ ਨੂੰ ਪ੍ਰਭਾਵਿਤ ਕਰਨ ਵਾਲੇ ਸਥਾਨਕ ਅਤੇ ਅੰਤਰਰਾਸ਼ਟਰੀ ਮਸਲੇ ਹੁੰਦੇ ਸਨ। ਇਸ ਵਿੱਚ ਕੋਈ ਵੀ ਇਸ਼ਤਿਹਾਰ ਨਹੀਂ ਦਿੱਤਾ ਜਾਂਦਾ ਸੀ ਕਿਉਂਕਿ ਇਹ ਪ੍ਰੋਗਰਾਮ ਕਰਨ ਦਾ ਮਕਸਦ ਪੈਸਾ ਕਮਾਉਣਾ ਨਹੀਂ ਸਗੋਂ ਕਮਿਊਨਿਟੀ ਨੂੰ ਉਸ ਦੇ ਦਰਪੇਸ਼ ਮਸਲਿਆਂ ਬਾਰੇ ਚੇਤਨ ਕਰਨਾ ਸੀ। ਇਸ ਤ੍ਹਾਂ ਇਹ ਇਕ ਵਿਲੱਖਣ ਪ੍ਰੋਗਰਾਮ ਸੀ। ਅਸੀਂ ਇਹ ਪ੍ਰੋਗਰਾਮ 1986 ਤੋਂ ਲੈ ਕੇ 1989 ਤੱਕ ਚਲਾਇਆ। ਇਸ ਸਮੇਂ ਦੌਰਾਨ ਜਿਹੜੇ ਹੋਰ ਲੋਕਾਂ ਨੇ ਸਾਡੀ ਇਹ ਪ੍ਰੋਗਰਾਮ ਕਰਨ ਵਿੱਚ ਮਦਦ ਕੀਤੀ, ਉਹਨਾਂ ਦੇ ਨਾਂ ਹਨ: ਰੀਤਾ ਗਿੱਲ, ਸੁਰਜੀਤ ਕਲਸੀ, ਹਰਜੀ ਸਾਂਗਰਾ, ਮੱਖਣ ਟੁੱਟ, ਸਾਧੂ ਬਿਨਿੰਗ, ਅਮਰਜੀਤ ਸੂਫੀ, ਸਰਵਨ ਬੋਲ ਅਤੇ ਅਜਮੇਰ ਰੋਡੇ।

**ਸਵਾਲ:** ਤੁਸੀਂ ਇੱਥੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਤੋਂ ਪਹਿਲਾਂ ਬੀ ਏ ਅਤੇ ਫਿਰ ਐਮ ਏ ਕੀਤੀ। ਉਸ ਸਫਰ ਬਾਰੇ ਦੱਸੋ।

**ਜਵਾਬ:** ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ 1983-84 ਵਿੱਚ ਜਦੋਂ ਮੈਨੂੰ ਪਾਵਰ ਐਂਡ ਪ੍ਰੋਸੈੱਸ ਇੰਜਨੀਅਰਿੰਗ ਦਾ ਡਿਪਲੋਮਾ ਕਰਨ ਤੋਂ ਬਾਅਦ ਕਿਤੇ ਕੰਮ ਨਾ ਮਿਲਿਆ ਤਾਂ ਮੈਂ ਫੈਸਲਾ ਕੀਤਾ ਕਿ ਹੁਣ ਨੌਕਰੀ ਲੈਣ ਦਾ ਮਕਸਦ ਰੱਖ ਕੇ ਪੜ੍ਹਾਈ ਨਹੀਂ ਕਰਨੀ, ਸਗੋਂ ਗਿਆਨ ਹਾਸਲ ਕਰਨ ਲਈ ਪੜ੍ਹਾਈ ਕਰਨੀ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ 1985 ਵਿੱਚ ਮੈਂ ਸਰੀ ਦੇ ਕਵਾਂਟਲਨ ਕਾਲਜ ਵਿੱਚ ਇਕ ਬਾਲਗ ਵਿਦਿਆਰਥੀ ਦੇ ਤੌਰ `ਤੇ ਦਾਖਲਾ ਲੈ ਲਿਆ। ਹਰ ਸਮੈਸਟਰ ਵਿੱਚ ਆਪਣੀ ਪਸੰਦ ਦਾ ਇਕ ਕੋਰਸ ਲੈਣਾ ਸ਼ੁਰੂ ਕਰ ਦਿੱਤਾ। ਕੋਰਸ ਦੇ ਵਿਸ਼ਿਆਂ ਦੀ ਚੋਣ ਮੈਂ ਆਪਣੀ ਦਿਲਚਸਪੀ ਦੇ ਆਧਾਰ `ਤੇ ਕਰਨ ਲੱਗਾ। ਪਹਿਲਾਂ ਇਹ ਮਹਿਸੂਸ ਕੀਤਾ ਕਿ ਕੈਨੇਡਾ ਵਿੱਚ ਰਹਿ ਰਹੇ ਹਾਂ, ਇਸ ਲਈ ਮੈਨੂੰ ਕੈਨੇਡਾ ਦੇ ਇਤਿਹਾਸ ਬਾਰੇ ਜਾਣਨਾ ਚਾਹੀਦਾ ਹੈ। ਇਹ ਸੋਚ ਕੇ ਕੈਨੇਡਾ ਦੇ ਇਤਿਹਾਸ ਬਾਰੇ ਦੋ ਕੋਰਸ ਲੈ ਲਏ। ਫਿਰ ਖਿਆਲ ਆਇਆ ਕਿ ਕੈਨੇਡਾ ਦੀ ਸਿਆਸਤ ਬਾਰੇ ਵੀ ਮੈਨੂੰ ਪਤਾ ਹੋਣਾ ਚਾਹੀਦਾ ਹੈ, ਇਸ ਲਈ ਕੈਨੇਡਾ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਿਆਸਤ

ਬਾਰੇ ਪੁਲੀਟੀਕਲ ਸਾਇੰਸ ਦੇ ਕੁੱਝ ਕੋਰਸ ਲੈ ਲਏ। ਫਿਰ ਅੰਤਰਰਾਸ਼ਟਰੀ ਸਿਆਸਤ ਅਤੇ ਅੰਤਰਰਾਸ਼ਟਰੀ ਪੱਧਰ `ਤੇ ਦੇਸ਼ਾਂ ਵਿਚਕਾਰ ਸੰਬੰਧਾਂ ਨੂੰ ਸਮਝਣ ਲਈ ਇਸ ਵਿਸ਼ੇ ਨਾਲ ਸੰਬੰਧਿਤ ਪੁਲੀਟੀਕਲ ਸਾਇੰਸ ਦੇ ਕੋਰਸ ਲੈ ਲਏ। ਸੋ ਇਸ ਤ੍ਹਾਂ ਮੇਰੀ ਪੜ੍ਹਾਈ ਚਲਦੀ ਰਹੀ। ਕੋਈ ਡਿਗਰੀ ਵਗੈਰਾ ਲੈਣ ਦੇ ਮਕਸਦ ਤੋਂ ਬਿਨਾਂ, ਸਿਰਫ ਗਿਆਨ ਹਾਸਲ ਕਰਨ ਲਈ। ਚਾਰ ਪੰਜ ਸਾਲ ਇਸ ਤ੍ਹਾਂ ਹੌਲੀ ਹੌਲੀ ਕੰਮ ਚਲਦਾ ਰਿਹਾ। ਇਹ ਪੜ੍ਹਨ ਦਾ ਸਿਲਸਿਲਾ ਮੈਨੂੰ ਬੜਾ ਵਧੀਆ ਲਗਦਾ ਸੀ। ਇਸ ਨਾਲ ਇਕ ਤਾਂ ਕੈਨੇਡਾ ਅਤੇ ਅੰਤਰਰਾਸ਼ਟਰੀ ਮਸਲਿਆਂ ਬਾਰੇ ਮੇਰੀ ਸਮਝ ਯੋਜਨਾਬੱਧ ਢੰਗ ਨਾਲ ਵਿਕਸਤ ਹੋਣ ਲੱਗੀ ਅਤੇ ਇਸ ਦੇ ਨਾਲ ਹੀ ਮੇਰੀ ਅੰਗਰੇਜ਼ੀ ਪੜ੍ਹਨ/ਲਿਖਣ ਦੀ ਯੋਗਤਾ ਵਿੱਚ ਵੀ ਸੁਧਾਰ ਹੋਣ ਲੱਗਾ ਕਿਉਂਕਿ ਇਹ ਪੜ੍ਹਾਈ ਅੰਗਰੇਜ਼ੀ ਵਿੱਚ ਸੀ।

ਇਹਨਾਂ ਕੋਰਸਾਂ ਵਿੱਚ ਇਕ ਹੋਰ ਗੱਲ ਸੀ, ਜਿਹੜੀ ਮੈਨੂੰ ਬਹੁਤ ਚੰਗੀ ਲਗਦੀ ਸੀ। ਇਹ ਗੱਲ ਸੀ ਕਿ ਹਰ ਇਕ ਕੋਰਸ ਲਈ ਵਿਦਿਆਰਥੀਆਂ ਨੂੰ ਘੱਟੋ ਘੱਟ ਇਕ ਰਿਸਰਚ ਪੇਪਰ ਲਿਖਣਾ ਪੈਂਦਾ ਸੀ। ਪੜ੍ਹਾਏ ਜਾ ਰਹੇ ਕੋਰਸ ਦੇ ਸਲੇਬਸ ਵਿੱਚੋਂ ਵਿਦਿਆਰਥੀ ਇਕ ਵਿਸ਼ਾ ਚੁਣ ਲੈਂਦੇ ਅਤੇ ਫਿਰ ਉਸ ਬਾਰੇ ਲਾਇਬ੍ਰੇਰੀ ਵਿੱਚ ਖੋਜ ਕਰਕੇ ਇਕ ਪੇਪਰ ਲਿਖਦੇ। ਆਮ ਤੌਰ `ਤੇ ਹਰ ਇਕ ਕੋਰਸ ਦੇ ਕੁੱਲ ਨੰਬਰਾਂ ਵਿੱਚੋਂ 35 ਤੋਂ 50 ਫੀਸਦੀ ਨੰਬਰ ਇਸ ਰਿਸਰਚ ਪੇਪਰ ਦੇ ਹੁੰਦੇ ਸਨ। ਲਾਇਬ੍ਰੇਰੀ ਵਿੱਚ ਜਾ ਕੇ ਰਿਸਰਚ ਕਰਨ, ਆਪਣੇ ਚੁਣੇ ਹੋਏ ਵਿਸ਼ੇ ਬਾਰੇ ਵੱਖ ਵੱਖ ਕਿਤਾਬਾਂ/ਮੈਗਜ਼ੀਨਾਂ ਆਦਿ ਤੋਂ ਜਾਣਕਾਰੀ ਲੱਭਣ ਅਤੇ ਫਿਰ ਉਸ ਜਾਣਕਾਰੀ ਦੇ ਆਧਾਰ `ਤੇ ਆਪਣਾ ਖੋਜ ਪੱਤਰ ਲਿਖਣਾ ਮੈਨੂੰ ਬੜਾ ਚੰਗਾ ਲਗਦਾ ਸੀ ਅਤੇ ਇਸ ਕਾਰਜ ਵਿੱਚੋਂ ਬੜਾ ਮਜ਼ਾ ਆਉਂਦਾ ਸੀ। ਇਸ ਕੰਮ ਨੂੰ ਮੁਹਾਰਤ ਨਾਲ ਕਰਨ ਲਈ ਮੈਂ ਲਾਇਬ੍ਰੇਰੀ ਵਿੱਚ ਖੋਜ ਕਰਨ ਬਾਰੇ ਲਾਇਬ੍ਰੇਰੀ ਵਲੋਂ ਦਿੱਤੇ ਜਾਂਦੇ ਇਕ ਦੋ ਸੈਮੀਨਾਰ ਵੀ ਅਟੈਂਡ ਕੀਤੇ। ਇਸ ਤ੍ਹਾਂ ਇਸ ਪੜ੍ਹਾਈ ਤੋਂ ਮੈਨੂੰ ਰਿਸਰਚ ਕਰਨ ਦੀ ਜਾਚ ਆਈ। ਇਸ ਦੇ ਨਾਲ ਹੀ ਮੈਨੂੰ ਇਕ ਫਾਇਦਾ ਹੋਰ ਹੋਇਆ। ਇਸ ਸਮੇਂ ਇਹਨਾਂ ਕੋਰਸਾਂ ਵਿੱਚ ਕੁੱਝ ਰਿਸਰਚ ਪੇਪਰ ਅਜਿਹੇ ਹੁੰਦੇ ਸਨ, ਜਿਹਨਾਂ ਨੂੰ ਮੈਂ ਪੰਜਾਬੀ ਵਿੱਚ ਅਨੁਵਾਦ ਕਰਕੇ ਪੰਜਾਬੀ ਦੇ ਅਖਬਾਰਾਂ ਰਸਾਲਿਆਂ ਵਿੱਚ ਛਪਵਾ ਲੈਂਦਾ ਸੀ। ਅਸੀਂ ਇਹ ਲੇਖ ਵਤਨ ਵਿੱਚ ਵੀ ਛਾਪ ਲੈਂਦੇ ਅਤੇ ਮੈਂ ਇਹਨਾਂ ਨੂੰ ਪੰਜਾਬੀ ਦੇ ਕਈ ਹੋਰ ਮੈਗਜ਼ੀਨਾਂ ਨੂੰ ਵੀ ਭੇਜ ਦਿੰਦਾ। ਉਦਾਹਰਨ ਲਈ ਮੇਰੇ ਲਿਖੇ ਕੁੱਝ ਲੇਖ ਜਿਵੇਂ "ਦੁਨੀਆ ਵਿੱਚ ਭੁੱਖ ਜ਼ਿੰਮੇਵਾਰ ਕੌਣ?", "ਅਮੀਰ ਮੁਲਕ ਗਰੀਬ ਮੁਲਕਾਂ ਨੂੰ ਮਦਦ (ਫਾਈਨੈਂਸ਼ਿਅਲ ਏਡ) ਕਿਉਂ ਦਿੰਦੇ ਹਨ?", "ਜ਼ਹਿਰ ਦੇ ਵਪਾਰੀ" ਆਦਿ ਇਸ ਤ੍ਹਾਂ ਲਿਖੇ ਗਏ ਸਨ। ਆਪਣੀ ਪੜ੍ਹਾਈ ਲਈ ਇਸ ਤ੍ਹਾਂ ਦੇ ਲੇਖ ਲਿਖ ਕੇ ਮੈਂ ਖੋਜ ਕਰਨੀ ਸਿੱਖੀ ਜਿਹੜੀ ਅੱਜ ਵੀ ਮੇਰੇ ਕਾਫੀ ਕੰਮ ਆਉਂਦੀ ਹੈ।

ਮੈਂ ਪੰਜ ਕੁ ਸਾਲ ਇਸ ਤ੍ਰਹਾਂ ਕਵਾਂਟਲਨ ਕਾਲਜ ਵਿੱਚ ਕੋਰਸ ਲੈਂਦਾ ਰਿਹਾ। ਇਸ ਸਮੇਂ ਦੌਰਾਨ ਮੈਂ ਉਨੇ ਕੁ ਕੋਰਸ ਮੁਕੰਮਲ ਕਰ ਲਏ ਜਿਹੜੇ ਇੱਥੋਂ ਦੀ ਬੀ ਏ ਦੇ ਡੇਢ ਕੁ ਸਾਲ ਦੇ ਬਰਾਬਰ ਸਨ। ਹੁਣ ਮਨ ਵਿੱਚ ਥੋੜ੍ਹਾ ਥੋੜ੍ਹਾ ਬੀ ਏ ਦੀ ਡਿਗਰੀ ਲੈਣ ਬਾਰੇ ਖਿਆਲ ਆਉਣ ਲੱਗੇ, ਪਰ ਇਸ ਬਾਰੇ ਕੋਈ ਪੱਕਾ ਮਨ ਨਾ ਬਣਿਆ। ਅਜੇ ਵੀ ਸਿਰਫ ਗਿਆਨ ਲਈ, ਪਾਰਟ ਟਾਈਮ ਪੜ੍ਹਾਈ ਕਰੀ ਜਾਣ ਦਾ ਹੀ ਵਿਚਾਰ ਰਿਹਾ। ਇਕ ਗੱਲ ਜ਼ਰੂਰ ਕਰ ਲਈ, ਮੈਂ ਕਵਾਂਟਲਨ ਕਾਲਜ ਛੱਡ ਕੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿੱਚ ਦਾਖਲਾ ਲੈ ਲਿਆ। ਉਹਨਾਂ ਨੇ ਮੈਨੂੰ ਬੀ ਏ ਦੀ ਪੜ੍ਹਾਈ ਦੇ ਡੇਢ ਕੁ ਸਾਲ ਦੇ ਬਰਾਬਰ ਦਾ ਕਰੈਡਿੱਟ ਦੇ ਦਿੱਤਾ।

ਬੇਸ਼ੱਕ ਮੈਂ ਇਹ ਪੜ੍ਹਾਈ ਨੌਕਰੀ ਲਈ ਨਹੀਂ ਕਰ ਰਿਹਾ ਸੀ, ਪਰ ਉਸ ਸਮੇਂ ਇਸ ਪੜ੍ਹਾਈ ਨੇ ਮੇਰੀ ਪੀਪਲਜ਼ ਲਾਅ ਸਕੂਲ ਵਿੱਚ ਇਕ ਚੰਗੀ ਨੌਕਰੀ ਲੈਣ ਵਿੱਚ ਮਦਦ ਕੀਤੀ। ਪੀਪਲਜ਼ ਲਾਅ ਸਕੂਲ (ਜਿਸ ਨੂੰ ਪਬਲਿਕ ਲੀਗਲ ਐਜੂਕੇਸ਼ਨ ਸੁਸਾਇਟੀ ਵੀ ਕਿਹਾ ਜਾਂਦਾ ਸੀ) ਇਕ ਅਜਿਹੀ ਸੰਸਥਾ ਸੀ ਜੋ ਆਮ ਲੋਕਾਂ ਨੂੰ ਸਰਲ ਬੋਲੀ ਵਿੱਚ ਕੈਨੇਡਾ ਦੇ ਕਾਨੂੰਨ ਅਨੁਸਾਰ ਬਣਦੀਆਂ ਉਹਨਾਂ ਦੀਆਂ ਜ਼ਿੰਮੇਵਾਰੀਆਂ ਅਤੇ ਹੱਕਾਂ ਬਾਰੇ ਜਾਣਕਾਰੀ ਦਿੰਦੀ ਸੀ। 1980 ਵਿਆਂ ਦੇ ਅਖੀਰ `ਤੇ ਉਹਨਾਂ ਨੇ ਮਲਟੀਕਲਚਰਲ ਪ੍ਰੋਗਰਾਮ ਸ਼ੁਰੂ ਕੀਤਾ, ਜਿਸ ਅਧੀਨ ਉਹਨਾਂ ਨੇ ਗੈਰ-ਅੰਗਰੇਜ਼ੀ ਬੋਲਣ ਵਾਲੇ ਲੋਕਾਂ ਨੂੰ ਉਹਨਾਂ ਦੀ ਬੋਲੀ ਵਿੱਚ ਇਹ ਜਾਣਕਾਰੀ ਦੇਣ ਦਾ ਕੰਮ ਸ਼ੁਰੂ ਕੀਤਾ ਸੀ। ਇਸ ਪ੍ਰੋਗਰਾਮ ਦੇ ਸ਼ੁਰੂ ਵਿੱਚ ਉਹਨਾਂ ਨੇ ਚੀਨੀ, ਸਪੇਨੀ, ਪੰਜਾਬੀ, ਫਾਰਸੀ, ਅਤੇ ਵੀਅਤਨਾਮੀ ਬੋਲਣ ਵਾਲੇ ਲੋਕਾਂ ਲਈ ਪ੍ਰੋਗਰਾਮ ਸ਼ੁਰੂ ਕੀਤੇ। ਉਹਨਾਂ ਨੂੰ ਇਕ ਪੰਜਾਬੀ ਬੋਲਣ ਵਾਲਾ ਬੰਦਾ ਵੀ ਚਾਹੀਦਾ ਸੀ, ਜਿਹੜਾ ਪੰਜਾਬੀ ਲੋਕਾਂ ਨੂੰ ਜਾਣਕਾਰੀ ਦੇਣ ਦੇ ਪ੍ਰੋਗਰਾਮ ਦਾ ਕੰਮ ਕਰ ਸਕੇ। ਉਹਨਾਂ ਨੇ ਇਸ ਨੌਕਰੀ ਬਾਰੇ ਇਸ਼ਤਿਹਾਰ ਦਿੱਤਾ। ਉਸ ਇਸ਼ਤਿਹਾਰ ਵਿੱਚ ਇਸ ਨੌਕਰੀ ਲਈ ਜਿਹੜੀਆਂ ਯੋਗਤਾਵਾਂ ਦੀ ਮੰਗ ਕੀਤੀ ਸੀ, ਉਹ ਸਾਰੀਆਂ ਮੈਂ ਆਪਣੇ ਕਮਿਊਨਿਟੀ ਵਿਚਲੇ ਵਾਲੰਟੀਅਰ ਕੰਮ ਤੋਂ ਚੰਗੀ ਤ੍ਰਹਾਂ ਸਿੱਖੀਆਂ ਹੋਈਆਂ ਸਨ। ਉਦਾਹਰਨ ਲਈ ਉਹਨਾਂ ਦੀ ਮੰਗ ਸੀ ਕਿ ਇਸ ਨੌਕਰੀ ਲਈ ਉਹ ਬੰਦਾ ਯੋਗ ਹੋਵੇਗਾ ਜਿਹੜਾ ਪੰਜਾਬੀ ਵਿੱਚ ਕੰਪਿਊਟਰ `ਤੇ ਟਾਈਪ ਕਰ ਸਕਦਾ ਹੋਵੇ, ਪ੍ਰੈਸ ਰਿਲੀਜ਼ਾਂ ਲਿਖ ਸਕਦਾ ਹੋਵੇ, ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਕਰ ਸਕਦਾ ਹੋਵੇ, ਕਮਿਊਨਿਟੀ ਵਿੱਚ ਮੀਟਿੰਗਾਂ ਦਾ ਪ੍ਰਬੰਧ ਕਰ ਸਕਦਾ ਹੋਵੇ, ਮੀਟਿੰਗਾਂ ਦੇ ਇਸ਼ਤਿਹਾਰ ਬਣਾ ਸਕਦਾ ਹੋਵੇ, ਉਸ ਨੂੰ ਪਤਾ ਹੋਵੇ ਕਿ ਇਸ ਸੰਸਥਾ ਦੇ ਪ੍ਰੋਗਰਾਮਾਂ ਬਾਰੇ ਕਮਿਊਨਿਟੀ ਵਿੱਚ ਜਾਣਕਾਰੀ ਕਿਵੇਂ ਪਹੁੰਚਾਉਣੀ ਹੈ ਆਦਿ। ਇਹ ਸਾਰੀਆਂ ਚੀਜ਼ਾਂ ਮੈਂ ਵਤਨੋਂ ਦੂਰ ਅਤੇ ਵਤਨ ਦਾ ਕੰਮ ਕਰਦਿਆਂ, ਵੈਨਕੂਵਰ ਸੱਥ ਲਈ ਥੀਏਟਰ ਕਰਦਿਆਂ, ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਿੱਚ ਫਾਰਮਵਰਕਰਾਂ ਲਈ ਲਾਏ

ਜਾਂਦੇ ਲੀਗਲ ਕਲਿਨਿਕ ਵਿੱਚ ਦੋਭਾਸ਼ੀਏ ਦਾ ਕੰਮ ਕਰਦਿਆਂ, ਸਮੇਂ ਦੀ ਅਵਾਜ਼ ਰੇਡੀਉ ਪ੍ਰੋਗਰਾਮ ਵਿੱਚ ਕਮਿਊਨਿਟੀ ਲਈ ਪ੍ਰੋਗਰਾਮ ਕਰਦਿਆਂ ਚੰਗੀ ਤ੍ਹਾਂ ਸਿੱਖੀਆਂ ਹੋਈਆਂ ਸਨ। ਮੇਰੇ ਕੋਲ ਇਹਨਾਂ ਸਾਰੀਆਂ ਚੀਜ਼ਾਂ ਦਾ ਕਈ ਕਈ ਸਾਲਾਂ ਦਾ ਜ਼ਮੀਨੀ ਪੱਧਰ ਦਾ ਤਜਰਬਾ ਸੀ, ਜਿਹੜਾ ਕਿਸੇ ਕਾਲਜ ਜਾਂ ਯੂਨੀਵਰਸਿਟੀ ਤੋਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਸੀ। ਕਾਲਜ/ਯੂਨੀਵਰਸਿਟੀ ਵਿੱਚ ਪਾਰਟ ਟਾਈਮ ਕੀਤੀ ਪੜ੍ਹਾਈ ਨੇ ਮੈਨੂੰ ਇਸ ਸਾਰੇ ਤਜਰਬੇ ਅਤੇ ਜਾਣਕਾਰੀ ਨੂੰ ਸੁਚੱਜੇ ਢੰਗ ਨਾਲ ਇਕ ਰੈਜ਼ਮੇ ਵਿੱਚ ਪੇਸ਼ ਕਰਨ ਦੀ ਜਾਚ ਸਿਖਾ ਦਿੱਤੀ ਸੀ। ਸੋ ਮੈਂ ਇਸ ਨੌਕਰੀ ਲਈ ਅਰਜ਼ੀ ਦੇ ਦਿੱਤੀ ਅਤੇ ਮੈਨੂੰ ਇਹ ਨੌਕਰੀ ਮਿਲ ਗਈ। ਇਹ ਸੰਨ 1989 ਦੀ ਗੱਲ ਹੈ। ਕਿਉਂਕਿ ਮੈਨੂੰ ਕਮਿਊਨਿਟੀ ਵਿੱਚ ਇਹ ਸਾਰੇ ਕੰਮ ਕਰਨ ਦਾ ਤਜਰਬਾ ਸੀ, ਮੇਰੇ ਕਮਿਊਨਿਟੀ ਵਿੱਚ ਸੰਬੰਧ ਸਨ ਅਤੇ ਕਮਿਊਨਿਟੀ ਬਾਰੇ ਜ਼ਮੀਨੀ ਪੱਧਰ ਦਾ ਗਿਆਨ ਸੀ, ਇਸ ਲਈ ਮੈਂ ਇਹ ਕੰਮ ਕਾਫੀ ਵਧੀਆ ਤਰੀਕੇ ਨਾਲ ਕਰਨ ਵਿੱਚ ਕਾਮਯਾਬ ਹੋ ਗਿਆ ਅਤੇ ਦੋ ਤਿੰਨ ਸਾਲਾਂ ਵਿੱਚ ਤਰੱਕੀ ਕਰਕੇ ਪੀਪਲਜ਼ ਲਾਅ ਸਕੂਲ ਦੇ ਮਲਟੀਕਲਚਰਲ ਪ੍ਰੋਗਰਾਮ ਦਾ ਡਾਇਰੈਕਟਰ ਬਣਾ ਦਿੱਤਾ ਗਿਆ। ਇਕ ਵਾਰ ਫਿਰ ਇਹ ਮਹਿਸੂਸ ਹੋਇਆ ਕਿ ਮੈਂ ਕੈਨੇਡਾ ਵਿੱਚ ਆਪਣੇ ਮੁਕਾਮ `ਤੇ ਪਹੁੰਚ ਗਿਆ ਹਾਂ। ਇਸ ਤ੍ਹਾਂ ਦਾ ਅਹਿਸਾਸ ਪਹਿਲਾਂ ਸੰਨ 1977 ਵਿੱਚ ਮਿੱਲ ਵਿੱਚ ਕੰਮ ਮਿਲਣ ਵੇਲੇ ਵੀ ਹੋਇਆ ਸੀ।

ਮੁਕਾਮ `ਤੇ ਪਹੁੰਚਣ ਦਾ ਅਹਿਸਾਸ 4-5 ਸਾਲ ਤੱਕ ਰਿਹਾ। ਫਿਰ ਮੈਂ ਇਸ ਕੰਮ ਤੋਂ ਬੋਰ ਹੋਣ ਲੱਗ ਪਿਆ। ਕੰਮ ਕਰਨ ਨੂੰ ਸੌਖਾ ਲਗਦਾ ਅਤੇ ਕੋਈ ਖਾਸ ਚੁਣੌਤੀਆਂ ਵਾਲਾ ਵੀ ਨਾ ਲਗਦਾ। ਇਸ ਤ੍ਹਾਂ ਲੱਗਣ ਲੱਗਾ ਕਿ ਇਸ ਵਿੱਚ ਸਿੱਖਣ ਨੂੰ ਬਹੁਤਾ ਕੁੱਝ ਨਹੀਂ ਹੈ। ਮੇਰੀ ਪੀੜ੍ਹੀ ਦੇ ਕੈਨੇਡਾ ਆਏ ਲੋਕਾਂ ਦੇ ਨਜ਼ਰੀਏ ਤੋਂ ਇਹ ਕੰਮ ਕਾਫੀ ਇੱਜ਼ਤ ਵਾਲਾ ਸੀ ਅਤੇ ਥੋੜ੍ਹਾ ਜਿਹਾ ਰੁਤਬੇ ਵਾਲਾ ਵੀ। ਇਸ ਕੰਮ ਦੇ ਤਜਰਬੇ ਦੇ ਆਧਾਰ `ਤੇ ਨੌਨ-ਪਰਾਫਿਟ ਸੈਕਟਰ ਜਾਂ ਸਰਕਾਰੀ ਖੇਤਰ ਵਿੱਚ ਇਸ ਤੋਂ ਵੱਡੇ ਰੁਤਬੇ ਵਾਲਾ ਕੰਮ ਲੱਭਣ ਦਾ ਰਾਹ ਵੀ ਖੁੱਲ੍ਹ ਗਿਆ ਸੀ। ਪਰ ਮੇਰੇ ਮਨ ਵਿੱਚ ਕਦੇ ਰੁਤਬਾ ਹਾਸਲ ਕਰਨ ਦੀ ਖਾਹਿਸ਼ ਪੈਦਾ ਨਹੀਂ ਹੋਈ ਸੀ। ਮੈਂ ਤਾਂ ਕੰਮ ਕਰਦਾ ਸੀ, ਸਿਰਫ ਰੋਟੀ ਰੋਜ਼ੀ ਕਮਾਉਣ ਲਈ। ਇਸ ਲਈ ਮੈਨੂੰ ਹਰ ਤ੍ਹਾਂ ਦਾ ਕੰਮ ਮਜ਼ਦੂਰੀ ਹੀ ਲਗਦਾ ਸੀ।

ਸੋ ਇਸ ਕੰਮ ਤੋਂ ਬੋਰ ਹੋਣ ਦੇ ਨਾਲ ਨਾਲ ਮੇਰੇ ਅੰਦਰ ਅਗਾਂਹ ਪੜ੍ਹਨ ਅਤੇ ਹੋਰ ਗਿਆਨ ਹਾਸਲ ਕਰਨ ਦੀ ਖਾਹਿਸ਼ ਫਿਰ ਉਸਲਵੱਟੇ ਲੈਣ ਲੱਗ ਪਈ ਸੀ। ਜੀਅ ਕਰਦਾ ਸੀ ਕਿ ਇਸ ਕੰਮ ਨੂੰ ਛੱਡ ਕੇ ਫੁੱਲ ਟਾਈਮ ਪੜ੍ਹਾਈ ਕਰਾਂ। ਆਪਣੀ ਬੀ ਏ ਦੀ ਡਿਗਰੀ ਮੁਕੰਮਲ ਕਰਾਂ ਅਤੇ ਫਿਰ ਜੇ ਹੋਰ ਸਕੇ ਤਾਂ ਅਗਾਂਹ ਵੀ ਪੜ੍ਹਾਂ। ਪਰ ਕੰਮ ਚੰਗਾ ਹੋਣ ਕਰਕੇ ਮਨ ਵਿੱਚ ਇਸ ਕੰਮ ਨੂੰ ਛੱਡਣ ਦੀ ਝਿਜਕ

ਸੀ। ਇਹ ਵੀ ਡਰ ਲਗਦਾ ਸੀ ਕਿ ਜੇ ਅਗਲੀ ਪੜ੍ਹਾਈ ਮੁਕੰਮਲ ਕਰ ਕੇ ਕੋਈ ਕੰਮ ਨਾ ਮਿਲਿਆ ਤਾਂ ਫਿਰ ਕੀ ਕਰਾਂਗਾ। ਸੋ ਇਸ ਸਮੇਂ ਕੰਮ ਛੱਡ ਕੇ ਫੁੱਲ ਟਾਈਮ ਪੜ੍ਹਨ ਦਾ ਫੈਸਲਾ ਕਰਨ ਲਈ ਮਨ ਵਿੱਚ ਅਨਿਸ਼ਚਤਤਾ ਸੀ। ਮਨ ਦੀ ਬੜੀ ਡਾਂਵਾਡੋਲ ਜਿਹੀ ਸਥਿਤੀ ਸੀ। ਮੈਨੂੰ ਇਸ ਸਥਿਤੀ ਵਿੱਚੋਂ ਕੱਢਣ ਵਿੱਚ ਦੋ ਸਾਹਿਤਕ ਲਿਖਤਾਂ ਨੇ ਬਹੁਤ ਵੱਡੀ ਭੂਮਿਕਾ ਨਿਭਾਈ। ਇਹਨਾਂ ਲਿਖਤਾਂ ਬਾਰੇ ਥੋੜ੍ਹੇ ਵਿਸਥਾਰ ਵਿੱਚ ਦਸਦਾ ਹਾਂ।

ਪੀਪਲਜ਼ ਲਾਅ ਸਕੂਲ ਵਿੱਚ ਮੇਰੇ ਨਾਲ ਇਕ ਇਰਾਨੀ ਔਰਤ ਕੈਤੂਅਨ ਸ਼ੀਰਜ਼ਾਦ ਕੰਮ ਕਰਦੀ ਸੀ, ਜਿਹੜੀ ਇਰਾਨੀ ਕਮਿਊਨਿਟੀ ਲਈ ਚਲਦੇ ਪ੍ਰੋਗਰਾਮ ਦੀ ਦੇਖ ਰੇਖ ਕਰਦੀ ਸੀ। ਉਸ ਨੇ ਜਵਾਨੀ ਵਿੱਚ, ਜਦੋਂ ਇਰਾਨ `ਤੇ ਸ਼ਾਹ ਦਾ ਰਾਜ ਸੀ, ਇੰਡੀਆ ਵਿੱਚ ਇਕ ਸਟੂਡੈਂਟ ਦੇ ਤੌਰ `ਤੇ ਕੁੱਝ ਸਾਲ ਬਿਤਾਏ ਸਨ। ਉਹ ਪ੍ਰੋਗਰੈਸਿਵ ਖਿਆਲਾਂ ਦੀ ਸੀ ਅਤੇ ਉਸ ਦੀ ਮੇਰੇ ਨਾਲ ਕਾਫੀ ਨੇੜਤਾ ਸੀ। ਉਸ ਨੇ ਮੈਨੂੰ ਇਰਾਨੀ ਲੇਖਕ ਸਮਦ ਬਹਿਰੰਗੀ ਦੀ ਕਹਾਣੀ "ਏ ਲਿਟਲ ਬਲੈਕ ਫਿਸ਼" ਅੰਗਰੇਜ਼ੀ ਵਿੱਚ ਪੜ੍ਹਨ ਲਈ ਦਿੱਤੀ। ਸਮਦ ਬਹਿਰੰਗੀ ਵਲੋਂ ਬੱਚਿਆਂ ਲਈ ਲਿਖੀ ਇਹ ਕਹਾਣੀ ਇਕ ਛੋਟੀ ਮੱਛੀ ਬਾਰੇ ਹੈ, ਜੋ ਆਪਣੇ ਪਰਿਵਾਰ ਅਤੇ ਭਾਈਚਾਰੇ ਨਾਲ ਇਕ ਛੋਟੇ ਜਿਹੇ ਨਾਲੇ ਵਿੱਚ ਰਹਿੰਦੀ ਹੈ। ਉਸ ਦੀ ਜ਼ਿੰਦਗੀ ਬੜੀ ਰੁਟੀਨ ਵਾਲੀ ਹੈ। ਉਹ ਸਵੇਰ ਨੂੰ ਉੱਠਦੀ ਹੈ, ਨਾਲੇ ਵਿੱਚ ਇੱਧਰ ਉੱਧਰ ਘੁੰਮਦੀ ਹੈ, ਆਪਣੀਆਂ ਸਹੇਲੀਆਂ ਨਾਲ ਖੇਡਦੀ ਹੈ, ਖਾਂਦੀ ਪੀਂਦੀ ਹੈ ਅਤੇ ਇਸ ਤ੍ਹਾਂ ਉਸ ਦਾ ਦਿਨ ਨਿਕਲ ਜਾਂਦਾ ਹੈ ਅਤੇ ਰਾਤ ਪੈ ਜਾਂਦੀ ਹੈ ਅਤੇ ਉਹ ਸੌਂ ਜਾਂਦੀ ਹੈ। ਦੂਜੇ ਦਿਨ ਸਵੇਰ ਨੂੰ ਉੱਠ ਕੇ ਉਹ ਫਿਰ ਇਹ ਕੁੱਝ ਕਰਦੀ ਹੈ। ਇਕੱਲੀ ਉਹ ਹੀ ਨਹੀਂ ਉਸ ਦੇ ਨਾਲ ਰਹਿੰਦੀਆਂ ਹੋਰ ਸਾਰੀਆਂ ਮੱਛੀਆਂ ਇਸ ਤ੍ਹਾਂ ਦੀ ਜ਼ਿੰਦਗੀ ਜਿਉਂਦੀਆਂ ਸਨ ਅਤੇ ਬਹੁਤ ਖੁਸ਼ ਰਹਿੰਦੀਆਂ ਸਨ। ਪਰ ਇਸ ਕਹਾਣੀ ਦੀ ਹੀਰੋਇਨ ਇਸ ਛੋਟੀ ਮੱਛੀ ਨੂੰ ਇਹ ਰੁਟੀਨ ਭਰੀ ਜ਼ਿੰਦਗੀ ਅਕਾਊ ਲੱਗਣ ਲੱਗਦੀ ਹੈ ਅਤੇ ਇਕ ਦਿਨ ਉਹ ਆਪਣੀ ਮਾਂ ਅੱਗੇ ਐਲਾਨ ਕਰ ਦਿੰਦੀ ਹੈ ਕਿ ਉਸ ਨੇ ਇਸ ਨਾਲੇ ਵਿੱਚ ਨਹੀਂ ਰਹਿਣਾ, ਸਗੋਂ ਸਮੁੰਦਰ ਦੇਖਣ ਜਾਣਾ ਹੈ। ਉਸ ਦੀ ਗੱਲ ਸੁਣ ਕੇ ਮਾਂ ਹੈਰਾਨ ਹੁੰਦੀ ਹੈ ਅਤੇ ਮੱਛੀ ਨੂੰ ਸਵਾਲ ਕਰਦੀ ਹੈ ਕਿ ਉਹ ਇਸ ਨਾਲੇ ਵਿੱਚ ਸੌਖੀ ਜ਼ਿੰਦਗੀ ਜੀਅ ਕੇ ਖੁਸ਼ ਕਿਉਂ ਨਹੀਂ ਹੈ। ਮਾਂ ਉਸ ਨੂੰ ਕਹਿੰਦੀ ਹੈ, ਇੱਥੇ ਸਭ ਕੁੱਝ ਹੈ। ਪਰਿਵਾਰ ਹੈ, ਭਾਈਚਾਰਾ ਹੈ, ਖਾਣ-ਪੀਣ ਨੂੰ ਲੋੜ ਜੋਗਾ ਸਭ ਕੁੱਝ ਹੈ। ਇਸ ਸਭ ਕੁੱਝ ਨੂੰ ਛੱਡ ਕੇ ਉਹ ਸਮੁੰਦਰ ਦੇਖਣ ਜਾਣ ਦੀ ਗੱਲ ਕਿਉਂ ਕਰਦੀ ਹੈ। ਪਰ ਮੱਛੀ ਆਪਣੀ ਗੱਲ `ਤੇ ਅੜੀ ਰਹਿੰਦੀ ਹੈ। ਉਸ ਦੀ ਮਾਂ ਉਸ ਨੂੰ ਸਮਝਾਉਂਦੀ ਹੈ ਕਿ ਸਮੁੰਦਰ ਤੱਕ ਪਹੁੰਚਣ ਲਈ ਛੋਟੀ ਮੱਛੀ ਨੂੰ ਹੋਰ ਛੋਟੀਆਂ ਨਦੀਆਂ, ਝਰਨਿਆਂ, ਵੱਡੇ ਦਰਿਆਵਾਂ ਆਦਿ ਵਿੱਚ ਦੀ ਗੁਜ਼ਰਨਾ ਪਵੇਗਾ। ਉਸ ਨੂੰ ਇਹਨਾਂ ਰਾਹਾਂ `ਤੇ ਤੁਰਨ ਦਾ ਕੋਈ ਤਜਰਬਾ ਨਹੀਂ ਹੈ। ਇਸ ਲਈ ਉਸ

ਲਈ ਇਹ ਸਫਰ ਕਾਫੀ ਔਖਾ ਹੋਵੇਗਾ। ਇਸ ਨਾਲ ਉਸ ਦੀ ਜਾਨ ਲਈ ਖਤਰਾ ਵੀ ਪੈਦਾ ਹੋ ਸਕਦਾ ਹੈ। ਉਸ ਦੇ ਭਾਈਚਾਰੇ ਦੀਆਂ ਹੋਰ ਮੱਛੀਆਂ ਵੀ ਛੋਟੀ ਮੱਛੀ ਨੂੰ ਸਮਝਾਉਂਦੀਆਂ ਹਨ। ਉਹ ਉਸ ਛੋਟੀ ਮੱਛੀ ਨੂੰ ਕਹਿੰਦੀਆਂ ਹਨ ਕਿ ਉਹਨਾਂ ਦੀਆਂ ਕਈ ਪੀੜੀਆਂ ਇਸ ਨਾਲੇ ਵਿੱਚ ਰਹਿੰਦੀਆਂ ਆ ਰਹੀਆਂ ਹਨ। ਇਸ ਤੋਂ ਪਹਿਲਾਂ ਉਹਨਾਂ ਵਿੱਚੋਂ ਕਦੇ ਵੀ ਕਿਸੇ ਨੇ ਇਸ ਨਾਲੇ ਨੂੰ ਛੱਡ ਕੇ ਸਮੁੰਦਰ ਦੇਖਣ ਦੀ ਗੱਲ ਨਹੀਂ ਕੀਤੀ। ਉਹ ਛੋਟੀ ਮੱਛੀ ਇਹ ਗੱਲ ਕਿਉਂ ਕਰ ਰਹੀ ਹੈ। ਉਹਨਾਂ ਸਾਰਿਆਂ ਦੀਆਂ ਗੱਲਾਂ ਸੁਣ ਕੇ ਵੀ ਛੋਟੀ ਕਾਲੀ ਮੱਛੀ ਆਪਣਾ ਇਰਾਦਾ ਨਹੀਂ ਬਦਲਦੀ ਅਤੇ ਸਮੁੰਦਰ ਦੇਖਣ ਜਾਣ ਦੇ ਸਫਰ `ਤੇ ਤੁਰ ਪੈਂਦੀ ਹੈ। ਫਿਰ ਕਹਾਣੀ ਵਿੱਚ ਇਸ ਮੱਛੀ ਨੂੰ ਸਫਰ ਦੌਰਾਨ ਆਉਂਦੀਆਂ ਮੁਸ਼ਕਿਲਾਂ ਬਾਰੇ ਦੱਸਿਆ ਗਿਆ ਹੈ ਅਤੇ ਨਾਲੇ ਦੱਸਿਆ ਗਿਆ ਹੈ ਕਿ ਉਹ ਮੱਛੀ ਇਹਨਾਂ ਮੁਸ਼ਕਿਲਾਂ ਦਾ ਕਿਵੇਂ ਸਾਹਮਣਾ ਕਰਦੀ ਹੈ। ਇਸ ਕਹਾਣੀ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ। ਮੈਨੂੰ ਲੱਗਣ ਲੱਗ ਪਿਆ ਕਿ ਮੈਂ ਉਹ ਛੋਟੀ ਕਾਲੀ ਮੱਛੀ ਹਾਂ ਅਤੇ ਮੈਨੂੰ ਵੀ ਉਸ ਤ੍ਰਹਾਂ ਅੱਗੇ ਆਪਣੀ ਪੜ੍ਹਾਈ ਪੂਰੀ ਕਰਨ ਲਈ ਕਦਮ ਪੁੱਟਣਾ ਚਾਹੀਦਾ ਹੈ, ਜਿਸ ਤ੍ਰਹਾਂ ਉਸ ਛੋਟੀ ਕਾਲੀ ਮੱਛੀ ਨੇ ਸਮੁੰਦਰ ਦੇਖਣ ਜਾਣ ਲਈ ਕਦਮ ਪੁੱਟਿਆ ਸੀ।

ਇਸ ਹੀ ਸਮੇਂ ਮੈਂ ਇਰਵਿੰਗ ਸਟੋਨ ਦਾ ਲਿਖਿਆ ਨਾਵਲ "ਲਸਟ ਫਾਰ ਲਾਈਫ" ਪੜ੍ਹਿਆ। ਇਹ ਨਾਵਲ ਡਚ ਪੇਂਟਰ ਵਿਨਸੈਂਟ ਵੈਨ ਗੋ ਦੀ ਜ਼ਿੰਦਗੀ ਬਾਰੇ ਹੈ। ਇਹ ਨਾਵਲ ਵੈਨ ਗੋ ਦੀ ਜ਼ਿੰਦਗੀ ਵਿੱਚ ਆਈਆਂ ਮੁਸ਼ਕਿਲਾਂ ਅਤੇ ਇਹਨਾਂ ਮੁਸ਼ਕਿਲਾਂ ਤੋਂ ਪਾਰ ਜਾਣ ਲਈ ਵੈਨ ਗੋ ਵਲੋਂ ਕੀਤੀ ਸਖਤ ਮਿਹਨਤ ਬਾਰੇ ਹੈ। ਨਾਵਲ ਪੜ੍ਹ ਕੇ ਪਤਾ ਲੱਗਾ ਕਿ ਵੈਨ ਗੋ ਆਪਣੀ ਮੰਜ਼ਿਲ `ਤੇ ਪਹੁੰਚਣ ਲਈ ਕਿਸ ਤ੍ਰਹਾਂ ਸਾਲਾਂ ਬੱਧੀ ਸਿਰੜ ਅਤੇ ਦ੍ਰਿੜ੍ਹਤਾ ਨਾਲ ਕੰਮ ਕਰਦਾ ਰਿਹਾ ਸੀ। ਉਸ ਨੇ ਆਪਣਾ ਸਾਰਾ ਧਿਆਨ ਚੰਗਾ ਪੇਂਟਰ ਬਣਨ `ਤੇ ਕੇਂਦਰਿਤ ਕੀਤਾ ਸੀ, ਅਤੇ ਇਸ ਗੱਲ ਦਾ ਖਿਆਲ ਨਹੀਂ ਕੀਤਾ ਸੀ ਕਿ ਉਸ ਨੂੰ ਉਸ ਦੇ ਕੰਮ ਲਈ ਕੋਈ ਮਾਨਤਾ ਮਿਲੇਗੀ ਜਾਂ ਨਹੀਂ। ਆਪਣੇ ਸਾਹਮਣੇ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਵੱਲ ਧਿਆਨ ਦਿੱਤੇ ਬਿਨਾਂ ਉਹ ਬੱਸ ਆਪਣੀ ਧੁਨ ਵਿੱਚ ਪੇਂਟ ਕਰਦਾ ਰਿਹਾ।

1994 ਵਿੱਚ ਦਸੰਬਰ ਦੇ ਮਹੀਨੇ ਮੈਂ ਇਹ ਦੋਵੇਂ ਲਿਖਤਾਂ ਪੜ੍ਹੀਆਂ ਅਤੇ ਆਪਣੀ ਸਾਥਣ ਅੰਜੂ ਨੂੰ ਵੀ ਪੜ੍ਹਾਈਆਂ। ਫਿਰ ਦਫਤਰ ਵਿੱਚ ਇਕ ਹਫਤੇ ਦੀਆਂ ਕ੍ਰਿਸਮਸ ਦੀਆਂ ਛੁੱਟੀਆਂ ਆ ਗਈਆਂ। ਇਹਨਾਂ ਛੁੱਟੀਆਂ ਵਿੱਚ ਅਸੀਂ ਦੋਵੇਂ (ਮੈਂ ਅਤੇ ਅੰਜੂ) ਬਾਹਰ ਸੈਰ ਕਰਨ ਜਾਂਦੇ, ਅਤੇ ਕਿਸੇ ਨਾ ਕਿਸੇ ਤ੍ਰਹਾਂ ਗੱਲ ਇਹਨਾਂ ਦੋਹਾਂ ਲਿਖਤਾਂ `ਤੇ ਆ ਜਾਂਦੀ। ਅਸੀਂ ਦੋਵੇਂ ਛੋਟੀ ਕਾਲੀ ਮੱਛੀ ਅਤੇ ਵੈਨ ਗੋ ਦੀ

ਗੱਲ ਕਰਨ ਲਗਦੇ। ਇਹਨਾਂ ਦੋਹਾਂ ਬਾਰੇ ਗੱਲ ਸ਼ੁਰੂ ਹੋ ਕੇ ਗੱਲ ਮੇਰੇ ਫੈਸਲੇ `ਤੇ ਆ ਜਾਂਦੀ ਕਿ ਕੀ ਮੈਨੂੰ ਕੰਮ ਛੱਡ ਕੇ ਅਗਾਂਹ ਫੁੱਲ ਟਾਇਮ ਪੜ੍ਹਨਾ ਚਾਹੀਦਾ ਹੈ ਜਾਂ ਕੰਮ ਕਰਦੇ ਰਹਿ ਕੇ ਪਾਰਟ ਟਾਈਮ ਪੜ੍ਹਨਾ ਚਾਹੀਦਾ ਹੈ। ਮੈਂ ਛੋਟੀ ਕਾਲੀ ਮੱਛੀ ਅਤੇ ਵੈਨ ਗੋ ਦੀ ਉਦਾਹਰਨ ਦੇ ਕੇ ਕਹਿੰਦਾ ਕਿ ਮੈਨੂੰ ਕੰਮ ਛੱਡ ਦੇਣਾ ਚਾਹੀਦਾ ਹੈ। ਅੰਜੂ ਦੋ ਕੁ ਦਿਨ ਮੇਰੀ ਇਹ ਗੱਲ ਸੁਣਦੀ ਰਹੀ। ਫਿਰ ਇਕ ਦਿਨ ਕਹਿੰਦੀ, "ਸੁਖਵੰਤ ਛੱਡ ਦੇ ਕੰਮ ਅਤੇ ਲਗ ਜਾ ਫੁੱਲ ਟਾਈਮ ਪੜ੍ਹਨ। ਤੁਰ ਪੈ ਛੋਟੀ ਕਾਲੀ ਮੱਛੀ ਵਾਂਗ ਸਮੁੰਦਰ ਦੇਖਣ ਜਾਣ ਦੇ ਸਫਰ `ਤੇ। ਫਿਕਰ ਨਾ ਕਰ, ਆਪਾਂ ਨੂੰ ਕੁੱਝ ਨਹੀਂ ਹੋਣ ਲੱਗਾ। ਮੈਂ ਕੰਮ ਕਰਦੀ ਹਾਂ। ਆਪਾਂ ਸਾਰ ਲਵਾਂਗੇ ਕਿਸੇ ਨਾ ਕਿਸੇ ਤ੍ਰਹਾਂ।" ਉਸ ਦੇ ਇਹਨਾਂ ਸ਼ਬਦਾਂ ਨਾਲ ਇਹ ਫੈਸਲਾ ਲੈਣ ਦੀ ਦੁਬਿਧਾ ਖਤਮ ਹੋ ਗਈ। ਫੈਸਲਾ ਹੋ ਗਿਆ ਕਿ ਮੈਨੂੰ ਕੰਮ ਛੱਡ ਦੇਣਾ ਚਾਹੀਦਾ ਹੈ।

ਕ੍ਰਿਸਮਿਸ ਦੀਆਂ ਛੁੱਟੀਆਂ ਤੋਂ ਬਾਅਦ, 2 ਜਨਵਰੀ 1995 ਨੂੰ ਮੈਂ ਕੰਮ `ਤੇ ਗਿਆ। ਸਾਰੇ ਸਹਿ ਕਰਮਚਾਰੀਆਂ ਤੋਂ ਕ੍ਰਸਮਿਸ ਦੀਆਂ ਛੁੱਟੀਆਂ ਦਾ ਹਾਲਚਾਲ ਪੁੱਛਣ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ ਦੇਣ ਤੋਂ ਬਾਅਦ ਮੈਂ 10 ਕੁ ਵਜੇ ਆਪਣੇ ਐਗਜ਼ੈਕਟਿਵ ਡਾਇਰੈਕਟਰ ਦੇ ਕਮਰੇ ਵਿੱਚ ਜਾ ਕੇ ਕਿਹਾ ਕਿ ਮੈਂ ਅਗਾਂਹ ਪੜ੍ਹਾਈ ਲਈ ਕੰਮ ਛੱਡ ਰਿਹਾ ਹਾਂ। ਉਸ ਨੂੰ ਥੋੜ੍ਹੀ ਜਿਹੀ ਹੈਰਾਨੀ ਹੋਈ, ਪਰ ਜਿਸ ਢੰਗ ਨਾਲ ਮੈਂ ਉਸ ਨਾਲ ਆਪਣੀ ਅਗਾਂਹ ਪੜ੍ਹਨ ਦੀ ਇੱਛਾ ਬਾਰੇ ਗੱਲ ਕੀਤੀ, ਉਸ ਤੋਂ ਉਸ ਨੂੰ ਮੇਰੇ ਫੈਸਲੇ ਦੀ ਪਕਿਆਈ ਦਾ ਯਕੀਨ ਹੋ ਗਿਆ।

ਸੋ ਇਸ ਤ੍ਰਹਾਂ ਮੈਂ ਜਨਵਰੀ 1995 ਤੋਂ ਸਾਈਮਨ ਫ੍ਰੇਜ਼ਰ ਯੂਨੀਵਰਸਿਟੀ ਵਿੱਚ ਫੁੱਲ ਟਾਈਮ ਪੜ੍ਹਨ ਲੱਗਾ। ਅਗਲੇ ਕੁੱਝ ਸਾਲਾਂ ਵਿੱਚ ਪਹਿਲਾਂ ਮੈਂ ਆਪਣੀ ਬੀ ਏ ਦੀ ਪੜ੍ਹਾਈ ਪੂਰੀ ਕੀਤੀ ਅਤੇ ਫਿਰ ਐੱਸ ਐੱਫ ਯੂ ਦੇ ਸਕੂਲ ਆਫ ਕਮਿਊਨੀਕੇਸ਼ਨ ਵਿੱਚ ਐਮ ਏ ਵਿੱਚ ਦਾਖਲਾ ਲੈ ਲਿਆ। ਐਮ ਏ ਵਿੱਚ ਮੈਂ ਆਪਣੀ ਖੋਜ ਦਾ ਵਿਸ਼ਾ ਚੁਣਿਆ "ਥੀਏਟਰ ਫਾਰ ਸੋਸ਼ਲ ਚੇਂਜ ਇਨ ਦਿ ਪੰਜਾਬ ਸਟੇਟ ਆਫ ਇੰਡੀਆ ਭਾਵ ਪੰਜਾਬ ਵਿੱਚ ਸਮਾਜਕ ਤਬਦੀਲੀ ਦਾ ਥੀਏਟਰ"। ਇਸ ਖੋਜ ਦੌਰਾਨ ਮੈਂ ਪੰਜਾਬ ਵਿੱਚ ਗੁਰਸ਼ਰਨ ਸਿੰਘ ਅਤੇ ਪੰਜਾਬ ਲੋਕ ਸਭਿਆਚਾਰਕ ਮੰਚ ਨਾਲ ਜੁੜੀਆਂ ਟੀਮਾਂ ਵਲੋਂ ਕੀਤੇ ਜਾਂਦੇ ਥੀਏਟਰ ਬਾਰੇ ਲਿਖਣ ਦਾ ਕੰਮ ਕਰਨਾ ਸੀ। ਮੈਨੂੰ ਯਾਦ ਹੈ ਕਿ ਉਸ ਸਮੇਂ ਮੈਂ ਕੈਨੇਡਾ ਦੀ ਇਕ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਰਹੇ ਇਕ ਪੰਜਾਬੀ ਪ੍ਰੋਫੈਸਰ ਨੂੰ ਦੱਸਿਆ ਕਿ ਮੈਂ ਸਾਈਮਨ ਫਰੇਜ਼ਰ ਯੂਨੀਵਰਸਿਟੀ ਤੋਂ ਕਮਿਊਨੀਕੇਸ਼ਨ ਦੇ ਵਿਸ਼ੇ ਵਿੱਚ ਐਮ ਏ ਕਰ ਰਿਹਾ ਹਾਂ ਅਤੇ ਮੇਰੀ ਖੋਜ ਦਾ ਵਿਸ਼ਾ ਪੰਜਾਬ ਵਿੱਚ ਸਮਾਜਕ ਤਬਦੀਲੀ ਦਾ ਥੀਏਟਰ ਹੈ। ਮੇਰੀ ਗੱਲ ਸੁਣ ਕੇ ਉਸ ਨੇ ਮੈਨੂੰ ਕਿਹਾ "ਤੈਨੂੰ ਆਪਣੀ ਖੋਜ ਲਈ ਕੋਈ ਹੋਰ ਵਿਸ਼ਾ ਚੁਣਨਾ ਚਾਹੀਦਾ ਹੈ। ਇਸ ਵਿਸ਼ੇ `ਤੇ ਕੰਮ ਕਰ ਕੇ

ਤੈਨੂੰ ਕਿਤੇ ਕੋਈ ਨੌਕਰੀ ਨਹੀਂ ਮਿਲਣੀ।" ਮੈਂ ਉਸ ਦੀ ਗੱਲ ਸੁਣ ਕੇ ਉਸ ਨੂੰ ਤਾਂ ਕੁੱਝ ਨਾ ਕਿਹਾ, ਪਰ ਮਨ ਵਿੱਚ ਸੋਚਿਆ ਕਿ ਨੌਕਰੀ ਲਈ ਕੌਣ ਪੜ੍ਹ ਰਿਹਾ ਹੈ। ਮੈਂ ਤਾਂ ਇਸ ਥੀਏਟਰ ਬਾਰੇ ਖੋਜ ਕਰਕੇ ਲਿਖਣਾ ਚਾਹੁੰਦਾ ਹਾਂ।

ਸੰਨ 2000 ਵਿੱਚ ਮੈਂ ਪੰਜਾਬ ਵਿੱਚ ਹੋ ਰਹੇ ਥੀਏਟਰ ਬਾਰੇ ਖੋਜ ਕਰਨ ਲਈ ਚਾਰ ਮਹੀਨਿਆਂ ਲਈ ਪੰਜਾਬ ਗਿਆ। ਇਸ ਸਮੇਂ ਦੌਰਾਨ ਮੈਂ ਭਾਜੀ ਗੁਰਸ਼ਰਨ ਸਿੰਘ ਦੀ ਨਾਟਕ ਟੀਮ ਚੰਡੀਗੜ੍ਹ ਨਾਟਕ ਕਲਾ ਕੇਂਦਰ, ਲੋਕ ਕਲਾ ਮੰਚ ਮੁੱਲਾਂਪੁਰ, ਆਰਟ ਸੈਂਟਰ ਸਮਰਾਲਾ, ਕਲਾ ਸੰਗਮ ਫਗਵਾੜਾ ਅਤੇ ਨਵਚਿੰਤਨ ਕਲਾ ਮੰਚ ਬਿਆਸ ਦੀਆਂ ਟੀਮਾਂ ਨਾਲ ਪਿੰਡਾਂ ਵਿੱਚ ਜਾ ਕੇ ਉਹਨਾਂ ਦੀਆਂ ਨਾਟਕ ਸਰਗਰਮੀਆਂ ਦੇਖੀਆਂ। ਇਸ ਤੋਂ ਬਿਨਾਂ ਮੈਂ ਗੁਰਸ਼ਰਨ ਸਿੰਘ, ਮਾਸਟਰ ਤ੍ਰਿਲੋਚਨ ਸਿੰਘ, ਹਰਕੇਸ਼ ਚੌਧਰੀ, ਹੰਸਾ ਸਿੰਘ, ਸੁਮਨ ਲਤਾ, ਅਜਮੇਰ ਔਲਖ, ਕੇਵਲ ਧਾਲੀਵਾਲ, ਤੇਰਾ ਸਿੰਘ ਚੰਨ ਅਤੇ ਉੱਪਰ ਦੱਸੀਆਂ ਪੰਜ ਨਾਟਕ ਟੀਮਾਂ ਦੇ ਮੈਂਬਰਾਂ ਨਾਲ ਵਿਅਕਤੀਗਤ ਪੱਧਰ `ਤੇ ਅਤੇ ਗਰੁੱਪ ਪੱਧਰ `ਤੇ ਇੰਟਰਵਿਊਆਂ ਕੀਤੀਆਂ।

ਸੰਨ 2002 ਦੇ ਅਖੀਰ `ਤੇ ਮੈਂ ਸਾਈਮਨ ਫ੍ਰੇਜ਼ਰ ਯੂਨੀਵਰਸਿਟੀ ਤੋਂ ਐਮ ਏ ਮੁਕੰਮਲ ਕਰ ਲਈ। ਇਸ ਤ੍ਹਾਂ ਹਾਈ ਸਕੂਲ ਤੋਂ ਬਾਅਦ ਜਿਹੜੀ ਐਮ ਏ ਕਰਨ ਨੂੰ ਇਕ ਆਮ ਵਿਦਿਆਰਥੀ ਆਮ ਤੌਰ `ਤੇ 6 ਤੋਂ 7 ਸਾਲ ਲਾਉਂਦਾ ਹੈ, ਮੈਂ ਉਹ ਪੜ੍ਹਾਈ 17 ਸਾਲਾਂ ਵਿੱਚ ਮੁਕੰਮਲ ਕੀਤੀ, ਕਿਉਂਕਿ ਕਾਲਜ ਵਿੱਚ ਪਹਿਲਾ ਕੋਰਸ ਮੈਂ ਸੰਨ 1985 ਵਿੱਚ ਲਿਆ ਸੀ। ਆਪਣੀ ਫੁੱਲ ਟਾਈਮ ਪੜ੍ਹਾਈ ਦੇ ਦੌਰਾਨ ਮੈਂ ਆਪਣਾ ਖਰਚਾ ਚਲਾਉਣ ਲਈ ਪਹਿਲਾਂ ਪਾਰਟ ਟਾਈਮ ਟੈਕਸੀ ਅਤੇ ਬਾਅਦ ਵਿੱਚ ਕੈਨੇਡਾ ਦੇ ਇੰਮੀਗ੍ਰੇਸ਼ਨ ਡਿਪਾਰਟਮੈਂਟ ਅਤੇ ਅਦਾਲਤਾਂ ਵਿੱਚ ਦੋਭਾਸ਼ੀਏ ਵਜੋਂ ਕੰਮ ਕਰਦਾ ਰਿਹਾ। ਐਮ ਏ ਦੀ ਪੜ੍ਹਾਈ ਦੌਰਾਨ ਮੈਨੂੰ ਟੀਚਿੰਗ ਅਸਿਸਟੈਂਟ ਦਾ ਕੰਮ ਵੀ ਮਿਲਦਾ ਰਿਹਾ। ਇਸ ਤ੍ਹਾਂ ਪੜ੍ਹਾਈ ਦੇ ਇਹਨਾਂ ਸਾਲਾਂ ਦੌਰਾਨ ਮੈਨੂੰ ਆਰਥਕ ਤੌਰ `ਤੇ ਕੋਈ ਬਹੁਤੀ ਵੱਡੀ ਤੰਗੀ ਨਹੀਂ ਹੋਈ।

**ਸਵਾਲ:** ਆਪਣੀ ਐੱਮ ਏ ਦੇ ਦੌਰਾਨ ਤੁਸੀਂ ਪੰਜਾਬ ਵਿੱਚ ਸਮਾਜਕ ਤਬਦੀਲੀ ਦੇ ਥੀਏਟਰ ਬਾਰੇ ਜਿਹੜਾ ਥੀਸਿਸ ਲਿਖਿਆ ਸੀ, ਕੀ ਤੁਸੀਂ ਉਸ ਨੂੰ ਪੰਜਾਬੀ ਵਿੱਚ ਛਪਵਾਇਆ?
**ਜਵਾਬ:** ਨਹੀਂ, ਪੂਰਾ ਨਹੀਂ। ਉਸ ਥੀਸਿਸ ਦਾ ਪਹਿਲਾ ਚੈਪਟਰ ਸੀ, "ਥੀਏਟਰ ਫਾਰ ਸੋਸ਼ਲ ਚੇਂਜ: ਏ ਕਨਸੈਪਚੂਅਲ ਫਰੇਮ ਵਰਕ", ਇਸ ਚੈਪਟਰ ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ "ਸਮਾਜਕ ਤਬਦੀਲੀ ਦੇ ਰੰਗਮੰਚ ਦੀਆਂ ਮੁੱਖ ਵਿਸ਼ੇਸ਼ਤਾਵਾਂ" ਦੇ ਨਾਂ ਹੇਠ ਪੰਜਾਬ ਵਿੱਚ ਛਪਵਾਇਆ ਸੀ। ਇਹ

ਜੁਲਾਈ-ਸਤੰਬਰ 2004 ਦੀ ਸਿਰਜਣਾ ਵਿੱਚ ਛਪਿਆ ਸੀ। ਇਸ ਲੇਖ ਵਿੱਚ ਮੈਂ ਉਸ ਸਮੇਂ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਕੀਤੇ ਜਾ ਰਹੇ ਸਮਾਜਕ ਤਬਦੀਲੀ ਦੇ ਥੀਏਟਰ ਬਾਰੇ ਪੜ੍ਹ ਕੇ, ਇਸ ਥੀਏਟਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਸੀ। ਇਹ ਚੈਪਟਰ ਲਿਖਣ ਲਈ ਮੈਂ ਹਿੰਦੁਸਤਾਨ, ਫਿਲਪੀਨ, ਬੰਗਲਾ ਦੇਸ਼, ਅਮਰੀਕਾ, ਬ੍ਰਾਜ਼ੀਲ, ਲਾਤੀਨੀ ਅਮਰੀਕਾ, ਸਪੇਨ, ਮਲਾਵੀ, ਸਾਊਥ ਅਫਰੀਕਾ, ਬੁਰਕੀਨਾ ਫਾਸੋ, ਪੱਛਮੀ ਅਫਰੀਕਾ, ਅਤੇ ਅਫਰੀਕਾ ਦੇ ਕੁੱਝ ਹੋਰ ਦੇਸ਼ਾਂ ਵਿੱਚ ਹੋ ਰਹੇ ਸਮਾਜਕ ਤਬਦੀਲੀ ਦੇ ਥੀਏਟਰ ਕਰਨ ਵਾਲਿਆਂ ਅਤੇ ਉਸ ਥੀਏਟਰ ਦਾ ਆਲੋਚਨਾਤਮਕ ਮੁੱਲਾਂਕਣ ਕਰਨ ਵਾਲਿਆਂ ਦੀਆਂ ਲਿਖਤਾਂ ਨੂੰ ਪੜ੍ਹਿਆ ਅਤੇ ਵਿਚਾਰਿਆ ਸੀ।

**ਸਵਾਲ:** ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿੱਚ ਆਪਣੀ ਪੜ੍ਹਾਈ ਮੁਕਾਉਣ ਤੋਂ ਬਾਅਦ ਤੁਸੀਂ ਕੀ ਕੀਤਾ?

**ਜਵਾਬ:** ਪਹਿਲਾਂ ਤਿੰਨ ਕੁ ਸਾਲ ਇਕ ਨਵੇਂ ਸ਼ੁਰੂ ਹੋਏ ਟੈਲੀਵਿਯਨ ਚੈਨਲ, ਚੈਨਲ ਐੱਮ, `ਤੇ ਪੰਜਾਬੀ ਨਿਊਜ਼ ਦੇ ਪ੍ਰੋਡਿਊਸਰ ਵਜੋਂ ਕੰਮ ਕੀਤਾ। ਉਸ ਤੋਂ ਬਾਅਦ ਦੋ ਕੁ ਸਾਲ ਤੱਕ ਫਰੇਜ਼ਰ ਵੈਲੀ ਯੂਨੀਵਰਸਿਟੀ ਕਾਲਜ ਐਬਟਸਫੋਰਡ ਵਿਖੇ ਪੰਜਾਬੀ ਪੜ੍ਹਾਈ ਅਤੇ ਫਿਰ ਸੰਨ 2008 ਵਿੱਚ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂ ਬੀ ਸੀ) ਵਿਖੇ ਪੰਜਾਬੀ ਪੜ੍ਹਾਉਣ ਲੱਗਾ। ਉੱਥੇ ਮੈਂ 10 ਸਾਲ ਰਿਹਾ ਅਤੇ ਸੰਨ 2018 ਵਿੱਚ ਰਿਟਾਇਰ ਹੋਇਆ।

**ਸਵਾਲ:** ਯੂ ਬੀ ਸੀ ਵਿੱਚ ਪੰਜਾਬੀ ਪੜ੍ਹਾਉਣ ਦਾ ਤਜਰਬਾ ਕਿਵੇਂ ਰਿਹਾ ਹੈ। ਕੀ ਤੁਸੀਂ ਉੱਥੇ ਆਪਣੀਆਂ ਕਲਾਸਾਂ ਵਿੱਚ ਪੰਜਾਬੀ ਪੜ੍ਹਾਉਣ ਸਮੇਂ ਨਾਟਕ ਅਤੇ ਸਕਿੱਟ ਦੀ ਵਿਧੀ ਵਰਤੀ। ਇਸ ਤੋਂ ਬਿਨਾਂ ਤੁਸੀਂ ਹੋਰ ਕੀ ਕੀਤਾ?

**ਜਵਾਬ:** ਯੂ ਬੀ ਸੀ ਵਿੱਚ ਪੰਜਾਬੀ ਪੜ੍ਹਾਉਣ ਦਾ ਤਜਰਬਾ ਕਾਫੀ ਵਧੀਆ ਰਿਹਾ। ਵਿਦਿਆਰਥੀਆਂ ਵਿੱਚ ਪੰਜਾਬੀ ਪੜ੍ਹਨ ਲਈ ਕਾਫੀ ਉਤਸ਼ਾਹ ਸੀ। ਹਰ ਸਾਲ ਕਲਾਸਾਂ ਵਿੱਚ ਨਿਸ਼ਚਿਤ ਹੱਦ ਤੋਂ ਵੱਧ ਵਿਦਿਆਰਥੀ ਦਾਖਲ ਹੁੰਦੇ ਸਨ, ਖਾਸ ਕਰਕੇ ਪਹਿਲੇ ਦੋ ਸਾਲਾਂ ਦੀ ਪੜ੍ਹਾਈ ਵਿੱਚ। ਯੂ ਬੀ ਸੀ ਵਿੱਚ ਅਸੀਂ ਪਹਿਲੇ ਸਾਲ ਵਿੱਚ ਊੜਾ ਐੜਾ ਸਿਖਾਉਣ ਤੋਂ ਸ਼ੁਰੂ ਕਰਦੇ ਸੀ ਅਤੇ ਤੀਜੇ ਸਾਲ ਵਿੱਚ ਉਹ ਵਿਦਿਆਰਥੀ ਕੈਨੇਡਾ ਦਾ ਪੰਜਾਬੀ ਸਾਹਿਤ ਪੜ੍ਹਨ ਤੱਕ ਪਹੁੰਚ ਜਾਂਦੇ ਸੀ। ਭਾਵ ਤੀਜੇ ਸਾਲ ਵਿੱਚ ਅਸੀਂ ਉਹਨਾਂ ਨੂੰ ਕੈਨੇਡਾ ਦਾ ਪੰਜਾਬੀ ਸਾਹਿਤ ਪੜ੍ਹਾਉਂਦੇ ਸੀ ਜਿਸ ਵਿੱਚ ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ ਕਹਾਣੀਆਂ, ਸਾਧੂ ਸਿੰਘ ਧਾਮੀ ਦੇ ਨਾਵਲ ਮਲੂਕਾ ਦਾ ਭਾਗ ਇਕ ਅਤੇ ਕੈਨੇਡਾ ਦੇ ਪੰਜਾਬੀ ਕਵੀਆਂ ਦੀਆਂ ਕਵਿਤਾਵਾਂ ਪੜ੍ਹਾਉਂਦੇ ਸੀ।

ਪਹਿਲੇ ਦੋ ਸਾਲਾਂ ਵਿੱਚ ਮੈਂ ਹਰ ਸਾਲ ਟਰਮ ਦੇ ਅਖੀਰ `ਤੇ ਵਿਦਿਆਰਥੀਆਂ ਨੂੰ ਗਰੁੱਪ ਵਿੱਚ ਵੰਡ ਕੇ ਪੰਜਾਬੀ ਵਿੱਚ ਸਕਿੱਟ ਤਿਆਰ ਕਰਨ ਦਾ ਪ੍ਰੋਜੈਕਟ ਦਿਆ ਕਰਦਾ ਸੀ। ਇਸ ਸਕਿੱਟ ਦੇ ਨੰਬਰ ਉਹਨਾਂ ਦੇ ਕੁੱਲ ਨੰਬਰਾਂ ਦੇ 10 -15 ਫੀਸਦੀ ਦੇ ਬਰਾਬਰ ਹੁੰਦੇ ਸਨ। ਵਿਦਿਆਰਥੀ ਸਕਿੱਟਾਂ ਦੇ ਪ੍ਰੋਜੈਕਟ ਨੂੰ ਬਹੁਤ ਪਸੰਦ ਕਰਦੇ ਸਨ। ਇਸ ਦੇ ਨਾਲ ਹੀ ਮੈਂ ਦੂਜੇ ਸਾਲ ਦੇ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਪੰਜਾਬੀਆਂ ਦੇ ਸਮਾਜਕ ਅਤੇ ਸਭਿਆਚਾਰਕ ਜੀਵਨ ਬਾਰੇ 5-7 ਡਾਕੂਮੈਂਟਰੀਆਂ ਦਿਖਾਇਆ ਕਰਦਾ ਸੀ ਅਤੇ ਉਹਨਾਂ ਨੂੰ ਇਹਨਾਂ ਵਿੱਚ ਇਕ ਡਾਕੂਮੈਂਟਰੀ ਬਾਰੇ ਪੰਜਾਬੀ ਵਿੱਚ ਆਲੋਚਨਾਤਮਕ ਰਿਵੀਊ ਲਿਖਣ ਲਈ ਦਿਆ ਕਰਦਾ ਸੀ। ਇਸ ਪ੍ਰੋਜੈਕਟ ਨੂੰ ਵੀ ਵਿਦਿਆਰਥੀ ਕਾਫੀ ਪਸੰਦ ਕਰਦੇ ਸਨ ਅਤੇ ਇਸ ਨਾਲ ਉਹਨਾਂ ਨੂੰ ਪੰਜਾਬੀ ਸਿੱਖਣ ਦੇ ਨਾਲ ਨਾਲ ਕੈਨੇਡਾ ਵਿੱਚ ਪੰਜਾਬੀਆਂ ਦੇ ਸਮਾਜਕ ਅਤੇ ਸਭਿਆਚਾਰਕ ਜੀਵਨ ਬਾਰੇ ਜਾਣਨ ਅਤੇ ਉਸ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਘੋਖਣ ਦਾ ਮੌਕਾ ਮਿਲਦਾ ਸੀ।

ਪੜ੍ਹਾਈ ਦੇ ਤੀਜੇ ਸਾਲ ਵਿੱਚ ਵਿਦਿਆਰਥੀ ਕੈਨੇਡਾ ਦੇ ਪੰਜਾਬੀ ਸਾਹਿਤ ਬਾਰੇ ਪੜ੍ਹਦੇ ਸੀ ਅਤੇ ਉਸ ਬਾਰੇ ਪੇਪਰ ਲਿਖਦੇ ਸਨ। ਇਸ ਤੋਂ ਬਿਨਾਂ ਤੀਜੇ ਸਾਲ ਦੇ ਵਿਦਿਆਰਥੀਆਂ ਨੂੰ ਪੰਜਾਬੀ ਵਿੱਕੀਪੀਡੀਏ ਨਾਲ ਸੰਬੰਧਿਤ ਇਕ ਖਾਸ ਪ੍ਰੋਜੈਕਟ ਦਿੱਤਾ ਜਾਂਦਾ ਸੀ। ਇਸ ਪ੍ਰੋਜੈਕਟ ਵਿੱਚ ਵਿਦਿਆਰਥੀ  ਕਿਸੇ ਇਕ ਕੈਨੇਡੀਅਨ ਪੰਜਾਬੀ ਲੇਖਕ ਬਾਰੇ ਖੋਜ ਕਰਕੇ 500 ਕੁ ਸ਼ਬਦਾਂ ਦਾ ਲੇਖ ਲਿਖਦੇ ਸਨ, ਜਿਸ ਵਿੱਚ ਉਸ ਲੇਖਕ ਦੇ ਜੀਵਨ ਬਾਰੇ ਮੁੱਢਲੀ ਜਾਣਕਾਰੀ, ਉਸ ਲੇਖਕ ਦੇ ਸਾਹਿਤਕ ਸਫਰ ਬਾਰੇ ਖਾਸ ਖਾਸ ਜਾਣਕਾਰੀ ਅਤੇ ਉਸ ਲੇਖਕ ਵਲੋਂ ਲਿਖੀਆਂ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ ਗਈ ਹੁੰਦੀ ਸੀ। ਇਹ ਲੇਖ ਲਿਖਣ ਤੋਂ ਬਾਅਦ ਉਹ ਵਿਦਿਆਰਥੀ ਇਸ ਜਾਣਕਾਰੀ ਨੂੰ ਪੰਜਾਬੀ ਵਿੱਕੀਪੀਡੀਏ `ਤੇ ਅਪਲੋਡ ਕਰਦੇ ਸਨ। ਇਸ ਨਾਲ ਵਿਦਿਆਰਥੀਆਂ ਨੂੰ ਇਕ ਕੈਨੇਡੀਅਨ ਪੰਜਾਬੀ ਲੇਖਕ ਬਾਰੇ ਵਿਸਤ੍ਰਿਤ ਪੱਧਰ `ਤੇ ਜਾਣਨ ਦਾ ਮੌਕਾ ਮਿਲਦਾ ਸੀ ਅਤੇ ਇਸ ਦੇ ਨਾਲ ਹੀ ਉਹਨਾਂ ਨੂੰ ਅਹਿਸਾਸ ਹੁੰਦਾ ਸੀ ਕਿ ਉਹ ਇਹ ਜਾਣਕਾਰੀ ਪੰਜਾਬੀ ਵਿੱਕੀਪੀਡੀਏ `ਤੇ ਪਾ ਕੇ, ਪੰਜਾਬੀ ਸਾਹਿਤ ਨਾਲ ਸੰਬੰਧਿਤ ਜਾਣਕਾਰੀ ਸਾਂਭਣ ਦੇ ਪ੍ਰੋਜੈਕਟ ਵਿੱਚ ਹਿੱਸਾ ਪਾ ਰਹੇ ਹਨ। ਇਸ ਪ੍ਰੋਜੈਕਟ ਅਧੀਨ 4-5 ਸਾਲਾਂ ਦੇ ਸਮੇਂ ਦੌਰਾਨ ਯੂ ਬੀ ਸੀ ਦੇ ਤੀਜੇ ਸਾਲ ਦੇ ਪੰਜਾਬੀ ਵਿਦਿਆਰਥੀਆਂ ਨੇ ਪੰਜਾਬੀ ਵਿੱਕੀਪੀਡੀਏ `ਤੇ ਕੈਨੇਡਾ ਦੇ 25-30 ਲੇਖਕਾਂ ਬਾਰੇ ਜਾਣਕਾਰੀ ਅਪਲੋਡ ਕੀਤੀ ਸੀ। ਇਸ ਤ੍ਰਹਾਂ ਇਹ ਪ੍ਰੋਜੈਕਟ ਵਿਦਿਆਰਥੀਆਂ ਨੂੰ ਕੈਨੇਡਾ ਦੇ ਪੰਜਾਬੀ ਸਾਹਿਤ ਤੋਂ

ਜਾਣੂ ਕਰਵਾਉਣ ਦੇ ਨਾਲ ਨਾਲ ਕੈਨੇਡਾ ਦੇ ਪੰਜਾਬੀ ਸਾਹਿਤ ਬਾਰੇ ਜਾਣਕਾਰੀ ਸਾਂਭਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਸੀ।

**ਸਵਾਲ:** ਹੁਣ ਤੱਕ ਤੁਹਾਡੀਆਂ ਕਿੰਨੀਆਂ ਮੌਲਿਕ ਕਿਤਾਬਾਂ ਛਪੀਆਂ ਹਨ?

**ਜਵਾਬ:** ਮੇਰੀਆਂ ਚਾਰ ਕਿਤਾਬਾਂ ਛਪੀਆਂ ਹਨ। ਪਿਕਟ ਲਾਈਨ ਤੇ ਹੋਰ ਨਾਟਕ (ਨਾਟਕ ਸੰਗ੍ਰਹਿ), ਭਾਰਤੀਆਂ ਨੇ ਕੈਨੇਡਾ ਵਿੱਚ ਵੋਟ ਦਾ ਹੱਕ ਕਿਵੇਂ ਲਿਆ? (ਵਾਰਤਕ), ਸੰਘਰਸ਼ ਦੇ ਸੌ ਵ੍ਹਰੇ: ਕਨੇਡਾ ਵਿੱਚ ਪੰਜਾਬੀ ਪ੍ਰਰਗਤੀਸ਼ੀਲ ਲਹਿਰ (ਵਾਰਤਕ), ਕਥਾ ਕੈਨੇਡਾ (ਸੰਪਾਦਿਤ ਕਹਾਣੀਆਂ)। ਇਹ ਸਾਰੀਆਂ ਕਿਤਾਬਾਂ ਸਾਧੂ ਬਿਨਿੰਗ ਨਾਲ ਮਿਲ ਕੇ ਲਿਖੀਆਂ ਗਈਆਂ ਹਨ।

ਮੇਰੀ ਇਕੱਲੇ ਦੀ ਕੋਈ ਕਿਤਾਬ ਨਹੀਂ ਛਪੀ। ਉਂਝ ਪਿਛਲੇ ਪੰਜਾਹ ਸਾਲਾਂ ਦੇ ਸਾਹਿਤਕ ਸਫਰ ਦੌਰਾਨ ਮੈਂ ਜਿੰਨਾ ਲਿਖਿਆ ਹੈ, ਉਸ ਦੀਆਂ 7-8 ਕਿਤਾਬਾਂ ਛੱਪ ਸਕਦੀਆਂ ਸਨ। ਮੁੱਖ ਤੌਰ `ਤੇ ਇਹ ਸਾਰੀ ਸਮੱਗਰੀ ਵਾਰਤਕ ਹੈ। ਪਰ ਮੈਂ ਇਹ ਕਿਤਾਬਾਂ ਛਪਵਾਈਆ ਨਹੀਂ। ਇਸ ਦਾ ਕਾਰਨ ਇਹ ਹੈ ਕਿ ਪੰਜਾਬੀ ਵਿੱਚ ਜਿਹੜਾ ਕਿਤਾਬਾਂ ਛਪਵਾਉਣ ਦਾ ਅਮਲ ਹੈ, ਮੈਂ ਉਸ ਵਿੱਚ ਦੀ ਨਹੀਂ ਲੰਘਣਾ ਚਾਹੁੰਦਾ। ਮੈਂ ਨਹੀਂ ਚਾਹੁੰਦਾ ਕਿ ਪਹਿਲਾਂ ਮੈਂ ਇਹ ਕਿਤਾਬਾਂ ਛਪਵਾਵਾਂ, ਫਿਰ ਉਹਨਾਂ ਦੇ ਰਿਲੀਜ਼ ਸਮਾਗਮ ਕਰਵਾਵਾਂ ਅਤੇ ਉਸ ਤੋਂ ਬਾਅਦ ਉਹਨਾਂ ਨੂੰ ਆਪਣੀ ਜਾਣ ਪਛਾਣ ਦੇ ਲੋਕਾਂ ਵਿੱਚ ਵੰਡਾਂ। ਮੈਨੂੰ ਇਹ ਸਭ ਕਰਨਾ ਬੜਾ ਔਖਾ ਲਗਦਾ ਹੈ। ਇਸ ਤੋਂ ਬਚਣ ਲਈ ਮੈਂ ਆਪਣੇ ਵਲੋਂ ਲਿਖੀ ਸਾਰੀ ਸਮੱਗਰੀ ਆਪਣੇ ਵੈੱਬਸਾਈਟ https://sukhwanthundal.wordpress.com `ਤੇ ਆਨਲਾਈਨ ਪਾ ਦਿੱਤੀ ਹੈ। ਜੇ ਕਿਸੇ ਨੇ ਇਹ ਪੜ੍ਹਨੀ ਜਾਂ ਦੇਖਣੀ ਹੋਵੇ ਤਾਂ ਉਹ ਇਸ ਨੂੰ ਇਸ ਸਾਈਟ `ਤੇ ਜਾ ਕੇ ਦੇਖ ਸਕਦਾ ਹੈ। ਉਂਝ ਇਹ ਸਭ ਕੁੱਝ ਪਹਿਲਾਂ ਰਸਾਲਿਆਂ ਅਤੇ ਅਖਬਾਰਾਂ ਵਿੱਚ ਛੱਪ ਚੁੱਕਾ ਹੈ।

**ਸਵਾਲ:** ਮੌਲਿਕ ਰੂਪ ਵਿੱਚ ਲਿਖਣ ਦੇ ਨਾਲ ਨਾਲ ਤੁਸੀਂ ਅਨੁਵਾਦ ਕਰਨ ਦਾ ਕੰਮ ਵੀ ਕੀਤਾ ਹੈ। ਉਸ ਬਾਰੇ ਦੱਸੋ?

**ਜਵਾਬ:** ਕਿਤਾਬ ਦੇ ਪੱਧਰ `ਤੇ ਅਨੁਵਾਦ ਕਰਨ ਦਾ ਪਹਿਲਾ ਕਾਰਜ ਡਾ: ਸਾਧੂ ਸਿੰਘ ਧਾਮੀ ਦੇ ਨਾਵਲ "ਮਲੂਕਾ" ਨੂੰ ਅਨੁਵਾਦ ਕਰਨ ਦਾ ਸੀ। ਇਹ ਅਨੁਵਾਦ ਮੈਂ ਸਾਧੂ ਬਿਨਿੰਗ ਅਤੇ ਗੁਰਮੇਲ ਰਾਏ ਨਾਲ ਮਿਲ ਕੇ ਕੀਤਾ। ਨਾਵਲ ਮਲੂਕਾ ਕੈਨੇਡਾ ਵਿੱਚ 1920 ਵਿਆਂ ਵਿੱਚ ਰਹਿ ਰਹੇ ਪੰਜਾਬੀਆਂ ਦੇ ਜੀਵਨ ਬਾਰੇ ਹੈ। ਇਹ ਨਾਵਲ ਸਭ ਤੋਂ ਪਹਿਲਾਂ ਸੰਨ 1978 ਵਿੱਚ ਅੰਗਰੇਜ਼ੀ ਵਿੱਚ ਛਪਿਆ ਸੀ। ਇਸ ਦਾ ਪੰਜਾਬੀ ਅਨੁਵਾਦ ਸਾਡੀ ਸੰਸਥਾ ਵੈਨਕੂਵਰ ਸੱਥ ਦੇ ਉੱਦਮ ਨਾਲ ਭਾਜੀ ਗੁਰਸ਼ਰਨ ਸਿੰਘ

ਦੀ ਪ੍ਰਕਾਸ਼ਨਾ ਬਲਰਾਜ ਸਾਹਨੀ ਯਾਦਗਰ ਪ੍ਰਕਾਸ਼ਨ ਨੇ ਪਹਿਲੀ ਵਾਰ ਸੰਨ 1988 ਵਿੱਚ ਛਾਪਿਆ। ਇਸ ਹੀ ਸਾਲ ਵੈਨਕੂਵਰ ਸੱਥ ਨੇ ਡਾ: ਸਾਧੂ ਸਿੰਘ ਧਾਮੀ ਨੂੰ ਜਨੇਵਾ ਤੋਂ ਕਨੇਡਾ ਸੱਦਿਆ ਅਤੇ ਨਾਵਲ ਨੂੰ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਰਿਲੀਜ਼ ਕੀਤਾ। ਪੰਜਾਬੀ ਸਾਹਿਤਕ ਜਗਤ ਵਿੱਚ ਨਾਵਲ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਭਰਵੇਂ ਹੁੰਗਾਰੇ ਤੋਂ ਉਤਸ਼ਾਹਤ ਹੋ ਕੇ ਡਾ: ਸਾਧੂ ਸਿੰਘ ਧਾਮੀ ਨੇ ਮਲੂਕਾ ਨਾਵਲ ਦਾ ਦੂਸਰਾ ਹਿੱਸਾ ਲਿਖਿਆ। ਇਸ ਹਿੱਸੇ ਦਾ ਪੰਜਾਬੀ ਅਨੁਵਾਦ ਡਾ: ਸਾਧੂ ਸਿੰਘ ਨੇ ਕੀਤਾ ਅਤੇ ਸੰਨ 1993 ਵਿੱਚ ਨਾਵਲ ਮਲੂਕਾ ਦਾ ਪਹਿਲਾ ਅਤੇ ਦੂਸਰਾ ਹਿੱਸਾ ਇਕੱਠਾ ਪੰਜਾਬੀ ਵਿੱਚ ਛਪਿਆ।

ਉਸ ਤੋਂ ਬਾਅਦ ਮੈਂ ਜਗਦੀਸ਼ ਚੰਦਰ ਦੇ ਨਾਵਲ "ਧਰਤੀ ਧਨ ਨਾ ਆਪਣਾ" ਦਾ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ। ਇਹ ਨਾਵਲ 1960 ਤੋਂ ਪਹਿਲਾਂ ਦੇ ਪੰਜਾਬ ਦੇ ਇਕ ਪਿੰਡ ਵਿੱਚ ਦਲਿਤਾਂ ਦੇ ਜੀਵਨ ਉੱਤੇ ਕੇਂਦਰਿਤ ਹੈ ਅਤੇ ਜਗਦੀਸ਼ ਚੰਦਰ ਵਲੋਂ ਪੰਜਾਬ ਦੇ ਦਲਿਤਾਂ ਬਾਰੇ ਲਿਖੇ ਤਿੰਨ ਨਾਵਲਾਂ ਦੀ ਲੜੀ ਵਿੱਚੋਂ ਪਹਿਲਾ ਨਾਵਲ ਹੈ। ਇਹ ਨਾਵਲ ਦਸਤਕ ਪ੍ਰਕਾਸ਼ਨ ਲੁਧਿਆਣਾ ਵਲੋਂ 2016 ਵਿੱਚ ਛਾਪਿਆ ਗਿਆ।

ਉਸ ਤੋਂ ਬਾਅਦ ਸੰਨ 2017 ਵਿੱਚ ਸਾਧੂ ਬਿਨਿੰਗ ਅਤੇ ਗੁਰਮੇਲ ਰਾਏ ਨਾਲ ਮਿਲ ਕੇ ਸਰਬਜੀਤ ਕੌਰ ਅਠਵਾਲ ਅਤੇ ਜੈੱਫ ਹਡਸਨ ਵਲੋਂ ਅੰਗਰੇਜ਼ੀ `ਚ ਲਿਖੀ ਕਿਤਾਬ ਸ਼ੇਮਡ ਦਾ ਪੰਜਾਬੀ ਅਨੁਵਾਦ ਕੀਤਾ। ਇਹ ਕਿਤਾਬ ਇੰਗਲੈਂਡ ਦੀ ਜੰਮਪਲ ਕੁੜੀ ਸੁਰਜੀਤ ਕੌਰ ਅਠਵਾਲ ਦੇ ਅਣਖ ਖਾਤਰ ਕੀਤੇ ਕਤਲ ਦੀ ਕਹਾਣੀ ਹੈ। ਸੁਰਜੀਤ ਅਠਵਾਲ ਦਸੰਬਰ 1998 ਵਿੱਚ ਆਪਣੀ ਸੱਸ ਨਾਲ ਇੰਡੀਆ ਗਈ ਅਤੇ ਉੱਥੇ ਉਸ ਨੂੰ ਕਤਲ ਕਰਵਾ ਦਿੱਤਾ ਗਿਆ ਕਿਉਂਕਿ ਅਠਵਾਲ ਪਰਿਵਾਰ ਨੂੰ ਸ਼ੱਕ ਸੀ ਕਿ ਸੁਰਜੀਤ ਆਪਣੇ ਪਤੀ ਤੋਂ ਤਲਾਕ ਲੈ ਲਵੇਗੀ ਅਤੇ ਪਰਿਵਾਰ ਦੀ ਬੇਇੱਜ਼ਤੀ ਕਰੇਗੀ। ਸੰਨ 2007 ਵਿੱਚ ਇਸ ਕਤਲ ਦੀ ਸਾਜ਼ਸ਼ ਕਰਨ ਲਈ ਸੁਰਜੀਤ ਦੀ ਸੱਸ ਅਤੇ ਪਤੀ ਨੂੰ ਅਦਾਲਤ ਨੇ ਦੋਸ਼ੀ ਪਾਇਆ ਅਤੇ ਕੈਦ ਦੀ ਸਜ਼ਾ ਸੁਣਾਈ। ਸੁਰਜੀਤ ਨੂੰ ਕਤਲ ਕਰਨ ਦੀ ਸਾਜ਼ਸ਼ ਸੁਰਜੀਤ ਦੀ ਦਰਾਣੀ ਸਰਬਜੀਤ ਕੌਰ ਅਠਵਾਲ ਦੇ ਸਾਹਮਣੇ ਰਚੀ ਗਈ ਸੀ। ਇਸ ਲਈ ਉਸ ਦੀ ਸੱਸ ਅਤੇ ਪਤੀ ਨੂੰ ਸਜ਼ਾ ਦਿਵਾਉਣ ਵਿੱਚ ਸਰਬਜੀਤ ਕੌਰ ਅਠਵਾਲ ਦੀ ਗਵਾਹੀ ਦੀ ਬਹੁਤ ਵੱਡੀ ਭੂਮਿਕਾ ਸੀ। ਗਵਾਹੀ ਦੇਣ ਦੇ ਅਮਲ ਰਾਹੀਂ ਲੰਘਦਿਆਂ ਸਰਬਜੀਤ ਨੂੰ ਬਹੁਤ ਸਾਰੇ ਇਮਤਿਹਾਨਾਂ ਵਿੱਚੋਂ ਦੀ ਲੰਘਣਾ ਪਿਆ। ਉਸ ਦੇ ਸਿਰ `ਤੇ ਹਮੇਸ਼ਾਂ ਇਸ ਗੱਲ ਦਾ ਖਤਰਾ ਮੰਡਰਾਉਂਦਾ ਰਹਿੰਦਾ ਕਿ ਜਿਹੜੇ ਲੋਕ ਉਸ ਦੀ ਜੇਠਾਣੀ ਸੁਰਜੀਤ ਅਠਵਾਲ ਦਾ ਕਤਲ ਕਰਵਾ ਚੁੱਕੇ ਸਨ, ਉਹ ਉਸ ਦਾ ਕਤਲ

ਕਰਵਾਉਣੋਂ ਵੀ ਨਹੀਂ ਝਿਜਕਣਗੇ ਜੇ ਉਹਨਾਂ ਨੂੰ ਪਤਾ ਲੱਗ ਗਿਆ ਕਿ ਉਹ ਉਨ੍ਹਾਂ ਦੇ ਵਿਰੁੱਧ ਪੁਲੀਸ ਨੂੰ ਜਾਣਕਾਰੀ ਦੇ ਰਹੀ ਹੈ। ਉਸ ਦਾ ਪਤੀ ਸਾਥ ਦੇਣ ਦੀ ਥਾਂ ਸਦਾ ਉਸ ਉੱਪਰ ਚੁੱਪ ਰਹਿਣ ਲਈ ਦਬਾਅ ਪਾਉਂਦਾ। ਭਾਈਚਾਰੇ ਦੇ ਲੋਕਾਂ ਨੇ ਉਸ `ਤੇ ਇਲਜ਼ਾਮ ਲਾਇਆ ਕਿ ਉਹ ਜਾਣਬੁੱਝ ਕੇ ਆਪਣੇ ਸਹੁਰੇ ਪਰਿਵਾਰ ਦਾ ਨਾਂ ਬਦਨਾਮ ਕਰ ਰਹੀ ਹੈ। ਇਨ੍ਹਾਂ ਸਾਰੀਆਂ ਔਖਿਆਈਆਂ ਨੂੰ ਉਸ ਨੇ ਕਿਵੇਂ ਪਾਰ ਕੀਤਾ, ਸ਼ੇਮਡ ਇਸ ਜੱਦੋਜਹਿਦ ਦੀ ਕਹਾਣੀ ਹੈ।

ਬੇਇੱਜ਼ਤ ਦੇ ਛਪਣ ਬਾਅਦ ਅਸੀਂ ਵੈਨਕੂਵਰ ਸੱਥ ਵਲੋਂ ਸਰਬਜੀਤ ਕੌਰ ਅਠਵਾਲ ਨੂੰ ਸੰਨ 2018 ਵਿੱਚ ਕੈਨੇਡਾ ਸੱਦਿਆ ਅਤੇ ਇਸ ਕਿਤਾਬ ਦੇ ਰਿਲੀਜ਼ ਸਮਾਗਮ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਕੀਤੇ ਗਏ।

ਇਸ ਤੋਂ ਬਾਅਦ ਇੰਗਲੈਂਡ ਵਿੱਚ ਰਹਿੰਦੇ ਕੰਵਲ ਧਾਲੀਵਾਲ ਨਾਲ ਮਿਲ ਕੇ ਇਸ਼ਤਿਹਾਕ ਅਹਿਮਦ ਦੀ ਕਿਤਾਬ "ਦੀ ਪੰਜਾਬ ਬਲੱਡੀਡ, ਪਾਰਟੀਸ਼ਨਡ ਐਂਡ ਕਲੈਨਜ਼ਿਡ" ਦਾ "ਲਹੂ-ਲੁਹਾਣ * ਵੰਡਿਆ* ਵੱਢਿਆ-ਟੁੱਕਿਆ ਪੰਜਾਬ" ਦੇ ਨਾਂ ਹੇਠ ਅਨੁਵਾਦ ਕੀਤਾ। ਛੇ ਸੌ ਤੋਂ ਵੱਧ ਸਫਿਆਂ ਦੀ ਇਹ ਕਿਤਾਬ ਪੰਜਾਬ ਦੀ ਵੰਡ ਬਾਰੇ ਹੈ। ਇਹ ਕਿਤਾਬ 2020 ਵਿੱਚ ਛਪੀ।

**ਸਵਾਲ:** ਤੁਹਾਡੀ ਹਰ ਲਿਖਤ ਸਮਾਜ ਨੂੰ ਜਾਂ ਆਪਣੇ ਆਪ ਨੂੰ ਸੁਧਾਰਨ ਦੇ ਨਜ਼ਰੀਏ ਨਾਲ ਲਿਖੀ ਹੋਈ ਲਗਦੀ ਹੈ। ਇਸ ਲਈ ਕਿੱਥੋਂ ਪ੍ਰਭਾਵ ਮਿਲਿਆ?
**ਜਵਾਬ:** ਮੈਂ ਸਮਝਦਾ ਹਾਂ ਕਿ ਹਰ ਇਨਸਾਨ ਆਪਣੇ ਸਮਿਆਂ ਦੀ ਉਪਜ ਹੁੰਦਾ ਹੈ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਬਚਪਨ ਵਿੱਚ ਸਾਡੇ ਘਰ ਪ੍ਰੀਤਲੜੀ ਮੈਗਜ਼ੀਨ ਆਉਂਦਾ ਸੀ। ਫਿਰ ਜਦੋਂ ਕਾਲਜ ਜਾਣ ਲੱਗਾ ਤਾਂ ਉਸ ਸਮੇਂ ਵਿਦਿਆਰਥੀਆਂ ਵਿੱਚ ਖੱਬੇ ਪੱਖੀ ਸਿਆਸਤ ਦਾ ਬੋਲਬਾਲਾ ਸੀ। ਸਾਡੇ ਕਾਲਜ ਵਿੱਚ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ, ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਅਤੇ ਪੰਜਾਬ ਸਟੂਡੈਂਟ ਯੂਨੀਅਨ ਦੀਆਂ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਸਨ। ਮੈਂ ਇਹਨਾਂ ਵਿੱਚ ਜਾਂਦਾ ਰਹਿੰਦਾ ਸੀ। ਇਹਨਾਂ ਵਿੱਚੋਂ ਮੈਂ ਕਿਸੇ ਵਿੱਚ ਸਰਗਰਮੀ ਨਾਲ ਹਿੱਸਾ ਨਹੀਂ ਲੈਂਦਾ ਸੀ, ਪਰ ਮੇਰੀ ਪੰਜਾਬ ਸਟੂਡੈਂਟ ਯੂਨੀਅਨ ਨਾਲ ਥੋੜ੍ਹੀ ਜਿਹੀ ਹਮਦਰਦੀ ਸੀ। ਫਿਰ ਜਦੋਂ ਮੈਂ ਕੈਨੇਡਾ ਆਇਆ ਤਾਂ ਇੱਥੇ ਵੀ ਜਿਹਨਾਂ ਜਥੇਬੰਦੀਆਂ ਅਤੇ ਜਿਹੜੇ ਅਦਾਰਿਆਂ ਨਾਲ ਮੈਂ ਜੁੜ੍ਹਿਆ, ਉਹਨਾਂ ਦੀ ਸੋਚ ਵੀ ਖੱਬੇਪੱਖੀ ਸੀ। ਉਸ ਵੇਲੇ ਵੈਨਕੂਵਰ ਦੀ ਵੱਡੀ ਕਮਿਊਨਿਟੀ ਵਿੱਚ ਬਹੁਤ ਕੁੱਝ ਅਜਿਹਾ ਹੁੰਦਾ ਸੀ, ਜਿਹੜਾ ਅਗਾਂਹਵਧੂ ਸਿਆਸਤ ਅਤੇ ਸੋਚ ਤੋਂ ਪ੍ਰਭਾਵਤ ਸੀ। ਉਦਾਹਰਨ ਲਈ ਇੱਥੇ ਹਰ ਸਾਲ ਪਰਮਾਣੂ ਹਥਿਆਰਾਂ ਦੇ

ਵਿਰੋਧ ਵਿੱਚ ਇਕ ਪੀਸ ਮਾਰਚ ਨਿਕਲਦਾ ਹੁੰਦਾ ਸੀ, ਜਿਸ ਵਿੱਚ ਹਜ਼ਾਰਾਂ ਲੋਕ ਸ਼ਾਮਲ ਹੁੰਦੇ ਸਨ। ਸਾਊਥ ਅਫਰੀਕਾ ਵਿੱਚ ਮੌਜੂਦ ਅਪਾਰਥਾਈਡ ਦਾ ਵਿਰੋਧ ਕਰਨ ਲਈ ਕਈ ਕੁੱਝ ਹੁੰਦਾ ਰਹਿੰਦਾ ਸੀ। ਮੈਂ ਇਸ ਤ੍ਹਰਾਂ ਦੀਆਂ ਸਾਰੀਆਂ ਸਰਗਰਮੀਆਂ ਵਿੱਚ ਹਿੱਸਾ ਲੈਂਦਾ ਸੀ। ਇਸ ਤ੍ਹਰਾਂ ਇਸ ਸਭ ਕੁੱਝ ਨੇ ਮੇਰੇ ਦੁਨੀਆ ਨੂੰ ਦੇਖਣ/ਸਮਝਣ ਦੇ ਨਜ਼ਰੀਏ ਨੂੰ ਘੜਨ ਵਿੱਚ ਪ੍ਰਭਾਵ ਪਾਇਆ।

**ਸਵਾਲ:** ਪਿਛਲੇ  ਕੁੱਝ ਸਾਲਾਂ ਤੋਂ ਤੁਸੀਂ ਪੰਜਾਬੀ ਸਾਹਿਤ ਨੂੰ ਆਰਕਾਈਵ ਕਰਨ ਬਾਰੇ ਕੰਮ ਕਰ ਰਹੇ ਹੋ। ਉਸ ਬਾਰੇ ਦੱਸੋ?

**ਜਵਾਬ:** ਮੇਰੀ ਰਾਇ ਹੈ ਕਿ ਪੰਜਾਬੀਆਂ ਕੋਲ ਸਾਹਿਤ ਅਤੇ ਜਾਣਕਾਰੀ ਨੂੰ ਸਾਂਭਣ ਅਤੇ ਲੋਕਾਂ ਤੱਕ ਪਹੁੰਚਾਉਣ ਦਾ ਵਿਕਸਤ ਬੁਨਿਆਦੀ ਢਾਂਚਾ ਨਹੀਂ ਹੈ। ਉਦਾਹਰਨ ਲਈ ਵਿਕਸਤ ਦੇਸ਼ਾਂ ਦੇ ਮੁਕਾਬਲੇ ਪੰਜਾਬ ਵਿੱਚ ਲਾਇਬ੍ਰੇਰੀ ਪ੍ਰਬੰਧ ਬਹੁਤ ਸੀਮਤ ਹੈ। ਇਸ ਕਰਕੇ ਆਮ ਪੰਜਾਬੀਆਂ ਦੀ ਪੰਜਾਬੀ ਸਾਹਿਤ ਅਤੇ ਹੋਰ ਜਾਣਕਾਰੀ ਤੱਕ ਪਹੁੰਚ ਸੀਮਤ ਹੈ। ਉਦਾਹਰਨ ਲਈ ਜੇ ਕੋਈ ਪੰਜਾਬੀ ਅੱਜ ਤੋਂ ਪੰਜਾਹ ਸਾਲ ਪਹਿਲਾਂ ਪੰਜਾਬੀ ਦੇ ਕਿਸੇ ਰਸਾਲੇ ਵਿੱਚ ਛਪੀ ਕੋਈ ਲਿਖਤ ਜਾਂ ਕਿਸੇ ਅਖਬਾਰ ਵਿੱਚ ਛਪੀ ਜਾਣਕਾਰੀ ਨੂੰ ਦੇਖਣਾ ਚਾਹੁੰਦਾ ਹੋਵੇ, ਤਾਂ ਉਸ ਲਈ ਅਜਿਹਾ ਕਰ ਸਕਣਾ ਤਕਰੀਬਨ ਤਕਰੀਬਨ ਅਸੰਭਵ ਹੋਵੇਗਾ ਕਿਉਂਕਿ ਪੰਜਾਬ ਵਿੱਚ ਸ਼ਾਇਦ ਦੋ ਚਾਰ ਲਾਇਬ੍ਰੇਰੀਆਂ ਹੀ ਹੋਣ ਜਿਹਨਾਂ ਵਿੱਚ ਇਹ ਪੁਰਾਣੀਆਂ ਚੀਜ਼ਾਂ ਸਾਂਭੀਆ ਹੋਈਆਂ ਹੋਣ।  ਉਹਨਾਂ ਤੱਕ ਪਹੁੰਚ ਕਰਨੀ ਉਸ ਵਿਅਕਤੀ ਦੇ ਵਸ ਤੋਂ ਬਾਹਰ ਦੀ ਗੱਲ ਹੋਵੇਗੀ। ਇਸ ਦੇ ਨਾਲ ਹੀ ਹੁਣ ਪੰਜਾਬੀ ਇਕੱਲੇ ਪੰਜਾਬ ਵਿੱਚ ਨਹੀਂ ਵਸਦੇ ਸਗੋਂ ਪੰਜਾਬ ਤੋਂ ਬਾਹਰ ਹਿੰਦੁਸਤਾਨ ਦੇ ਦੂਜੇ ਸੂਬਿਆਂ ਵਿੱਚ ਅਤੇ ਹਿੰਦੁਸਤਾਨ ਤੋਂ ਬਾਹਰ ਦੁਨੀਆ ਦੇ ਕਈ ਹੋਰ ਦੇਸ਼ਾਂ ਵਿੱਚ ਵੀ ਵਸਦੇ ਹਨ। ਉਹਨਾਂ ਵਲੋਂ ਵੀ ਪੰਜਾਬ ਦੀ ਕਿਸੇ ਲਾਇਬ੍ਰੇਰੀ `ਚ ਜਾ ਕੇ ਅਜਿਹੀ ਕੋਈ ਪੁਰਾਣੀ ਲਿਖਤ ਲੱਭਣਾ ਵੀ ਤਕਰੀਬਨ ਤਕਰੀਬਨ ਅਸੰਭਵ ਹੀ ਹੋਵੇਗਾ।

ਮੈਂ ਸਮਝਦਾ ਹਾਂ ਕਿ ਪੰਜਾਬੀ ਸਾਹਿਤ ਅਤੇ ਜਾਣਕਾਰੀ ਨੂੰ ਸਾਂਭਣ ਅਤੇ ਲੋਕਾਂ ਤੱਕ ਪਹੁੰਚਾਉਣ ਲਈ ਲੋੜੀਂਦੇ ਬੁਨਿਆਦੀ ਢਾਂਚੇ ਦੀ ਕਮੀ ਕੁੱਝ ਹੱਦ ਤੱਕ ਅਸੀਂ ਨਵੀਆਂ ਇਨਫਰਮੇਸ਼ਨ ਤਕਨੌਲੋਜੀਆਂ (ਇੰਟਰਨੈੱਟ, ਵੈੱਬਸਾਈਟਾਂ ਆਦਿ) ਦੀ ਮਦਦ ਨਾਲ ਪੂਰੀ ਕਰ ਸਕਦੇ ਹਾਂ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਮੈਂ ਪਿਛਲੇ 10 ਕੁ ਸਾਲਾਂ ਤੋਂ ਪੰਜਾਬੀ ਦੇ ਰਸਾਲਿਆਂ ਅਤੇ ਅਖਬਾਰਾਂ ਦੇ ਪੁਰਾਣੇ ਅੰਕਾਂ ਨੂੰ ਡਿਜੀਟਾਈਜ਼ ਕਰਕੇ ਆਨਲਾਈਨ ਪਾਉਣ ਦੇ ਯਤਨ ਕਰ ਰਿਹਾ ਹਾਂ, ਤਾਂ ਕਿ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਵਸਦੇ ਪੰਜਾਬੀ ਇਸ ਸਾਹਿਤ ਅਤੇ ਜਾਣਕਾਰੀ ਨੂੰ  ਆਪਣੇ ਕੰਪਿਊਟਰ ਦੇ

ਮਾਊਸ ਦੀ ਇਕ ਕਲਿੱਕ ਨਾਲ ਜਾਂ ਆਪਣੇ ਸਮਾਰਟ ਫੋਨ ਦੀ ਮਦਦ ਨਾਲ ਕੁਝ ਪਲਾਂ ਵਿੱਚ ਦੇਖ ਸਕਣ। ਮੈਂ ਹੁਣ ਤੱਕ ਵਤਨੋਂ ਦੂਰ ਅਤੇ ਵਤਨ, ਸਿਰਜਣਾ, ਸਮਤਾ, ਮੰਚਣ, ਸੋਧ, ਅੰਕੁਰ ਮੈਗਜ਼ੀਨ, ਕੈਨੇਡਾ ਦਰਪਣ ਅਖਬਾਰ ਅਤੇ ਚਿਰਾਗ ਮੈਗਜ਼ੀਨ ਦੇ ਆਨਲਾਈਨ ਆਰਕਾਈਵ ਤਿਆਰ ਕਰ ਚੁੱਕਾ ਹਾਂ। ਇਸ ਤੋਂ ਬਿਨਾਂ ਸੰਨ 1986-1989 ਤੱਕ ਵੈਨਕੂਵਰ ਤੋਂ ਹਫਤਾਵਾਰੀ ਰੇਡੀਉ ਮੈਗਜ਼ੀਨ `ਤੇ ਪ੍ਰਸਾਰਿਤ ਕੀਤੇ ਜਾਂਦੇ ਰਹੇ ਰੇਡੀਉ ਪ੍ਰੋਗਰਾਮ "ਸਮੇਂ ਦੀ ਅਵਾਜ਼' ਦੇ 70 ਕੁ ਪ੍ਰੋਗਰਾਮਾਂ ਦੀਆਂ ਆਡੀਉ ਫਾਈਲਾਂ ਵੀ ਉਸ ਰੇਡੀਉ ਪ੍ਰੋਗਰਾਮ ਦੇ ਬਣਾਏ ਆਰਕਾਈਵ `ਤੇ ਅਪਲੋਡ ਕਰ ਦਿੱਤੀਆਂ ਹਨ। ਇਹਨਾਂ ਆਰਕਾਈਵਾਂ `ਤੇ ਜਾ ਕੇ ਹੁਣ ਕੋਈ ਵੀ ਵਿਅਕਤੀ ਉਪ੍ਰੋਕਤ ਰਸਾਲਿਆਂ ਅਤੇ ਅਖਬਾਰਾਂ ਦੇ ਪੁਰਾਣੇ ਅੰਕ ਦੇਖ ਸਕਦਾ ਹੈ ਅਤੇ ਸਮੇਂ ਦੀ ਅਵਾਜ਼ ਰੇਡੀਉ ਪ੍ਰੋਗਰਾਮ ਵਿੱਚ ਪ੍ਰਸਾਰਿਤ ਹੁੰਦੇ ਰਹੇ ਪ੍ਰੋਗਰਾਮ ਸੁਣ ਸਕਦਾ ਹੈ।

ਇਸ ਤੋਂ ਬਿਨਾਂ ਮੈਂ ਕੁੱਝ ਵੀਡੀਓ ਅਤੇ ਆਡੀਉ ਫਾਈਲਾਂ ਨੂੰ ਵੀ ਡਿਜੀਟਾਈਜ਼ ਕਰਕੇ ਆਨਲਾਈਨ ਪਾਇਆ ਹੈ। ਇਸ ਦੀਆਂ ਕੁੱਝ ਉਦਾਹਰਨਾਂ ਇਸ ਪ੍ਰਕਾਰ ਹਨ। ਸੰਨ 1979 ਵਿੱਚ ਪੰਜਾਬ ਦਾ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮਰੀਕਾ (ਇਪਾਨਾ) ਦੇ ਸੱਦੇ `ਤੇ ਕੈਨੇਡਾ ਆਇਆ ਸੀ। ਉਸ ਦੀ ਫੇਰੀ ਦੌਰਾਨ ਬੀ ਸੀ ਦੇ ਇਕ ਛੋਟੇ ਜਿਹੇ ਸ਼ਹਿਰ ਪੋਰਟ ਅਲਬਰਨੀ ਵਿੱਚ ਉਸ ਦੇ ਪ੍ਰੋਗਰਾਮ ਦੇ ਕੁੱਝ ਹਿੱਸੇ ਨੂੰ ਪੋਰਟ ਅਲਬਰਨੀ ਵਿੱਚ ਰਹਿੰਦੇ ਗੁਰਨਾਮ ਸਿੰਘ ਡੁਲਕੂ ਨੇ 8 ਐੱਮ ਐੱਮ ਫਿਲਮ ਵਾਲੇ ਕੈਮਰੇ ਨਾਲ ਰਿਕਾਰਡ ਕੀਤਾ ਸੀ। ਕੁੱਝ ਸਾਲ ਪਹਿਲਾਂ ਜਦੋਂ ਮੈਨੂੰ ਇਹ ਪਤਾ ਲੱਗਾ ਕਿ ਗੁਰਨਾਮ ਸਿੰਘ ਡੁਲਕੂ ਕੋਲ ਉਦਾਸੀ ਦੀ ਇਹ ਫਿਲਮ ਹੈ ਤਾਂ ਮੈਂ ਉਸ ਕੋਲੋਂ ਇਹ ਫਿਲਮ ਲੈ ਕੇ ਉਸ ਨੂੰ ਡਿਜੀਟਾਈਜ਼ ਕਰਾ ਕੇ ਯੂ ਟਿਊਬ `ਤੇ ਪਾ ਦਿੱਤਾ ਸੀ। ਮੇਰੇ ਖਿਆਲ ਵਿੱਚ ਉਦਾਸੀ ਦੀ ਇਹ 10-11 ਮਿੰਟ ਦੀ ਵੀਡੀਉ ਉਸ ਦੀ ਸਿਰਫ ਇੱਕੋ ਇਕ ਫਿਲਮ ਜਾਂ ਵੀਡੀਉ ਹੈ, ਜੋ ਸਾਨੂੰ ਉਪਲਬਧ ਹੈ। ਹੁਣ ਤੱਕ ਉਸ ਦੀ ਇਸ ਵੀਡੀਉ ਨੂੰ ਇਕ ਲੱਖ ਚਾਲੀ ਹਜ਼ਾਰ ਤੋਂ ਵੱਧ ਲੋਕ ਦੇਖ ਚੁੱਕੇ ਹਨ। ਉਦਾਸੀ ਹੋਰਾਂ ਦੀ ਇਹ ਫਿਲਮ ਬਣਾਉਣ ਅਤੇ ਮੇਰੇ ਮੰਗਣ `ਤੇ ਮੈਨੂੰ ਦੇਣ ਲਈ ਮੈਂ ਗੁਰਨਾਮ ਸਿੰਘ ਡੁਲਕੂ ਦਾ ਬਹੁਤ ਧੰਨਵਾਦੀ ਹਾਂ।

ਉਦਾਸੀ ਦੀ ਇਸ ਫੇਰੀ ਦੌਰਾਨ ਹੀ ਇਪਾਨਾ ਅਤੇ ਆਈ ਡਬਲਿਊ ਏ ਗ੍ਰੇਟ ਬ੍ਰਿਟੇਨ ਦੇ ਸਹਿਯੋਗ ਨਾਲ ਸੰਤ ਰਾਮ ਉਦਾਸੀ ਦੀ ਅਵਾਜ਼ ਵਿੱਚ ਉਸ ਦੇ ਗੀਤਾਂ ਦਾ ਐੱਲ ਪੀ (ਰਿਕਾਰਡ -ਤਵਾ) ਤਿਆਰ ਕਰਵਾਇਆ ਗਿਆ ਸੀ। ਇਸ ਦੇ ਨਾਲ ਹੀ ਉਸ ਸਮੇਂ ਵਤਨੋਂ ਦੂਰ ਦੇ ਐਡੀਟਰ ਸਾਧੂ ਬਿਨਿੰਗ ਨੇ ਸੰਤ ਰਾਮ ਉਦਾਸੀ ਨਾਲ ਇਕ 50 ਮਿੰਟ ਦੀ ਇੰਟਰਵਿਊ ਰਿਕਾਰਡ ਕੀਤੀ ਸੀ। ਇਹਨਾਂ ਦੋਹਾਂ ਚੀਜ਼ਾਂ

-ਰਿਕਾਰਡ ਅਤੇ ਇੰਟਰਵਿਊ- ਨੂੰ ਵੀ ਮੈਂ ਡਿਜੀਟਾਈਜ਼ ਕਰਕੇ ਯੂ ਟਿਊਬ `ਤੇ ਪਾਇਆ ਹੈ। ਇਹਨਾਂ ਰਿਕਾਰਡਿੰਗਾਂ ਨੂੰ ਵੀ ਹੁਣ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਦੇਖ ਅਤੇ ਸੁਣ ਚੁੱਕੇ ਹਨ।

ਇਸ ਤੋਂ ਬਾਅਦ ਸੰਨ 1983 ਵਿੱਚ ਜਦੋਂ ਨਾਟਕਕਾਰ ਗੁਰਸ਼ਰਨ ਸਿੰਘ ਇਪਾਨਾ ਦੇ ਸੱਦੇ `ਤੇ ਪਹਿਲੀ ਵਾਰ ਕੈਨੇਡਾ ਆਏ ਤਾਂ ਉਸ ਸਮੇਂ ਉਹਨਾਂ ਦੇ ਦੋ ਨਾਟਕਾਂ - ਚਾਂਦਨੀ ਚੌਂਕ ਤੋਂ ਸਰਹਿੰਦ ਤੱਕ ਅਤੇ ਮਿੱਟੀ ਦਾ ਮੁੱਲ- ਦੀਆਂ ਵੀਡੀਉ ਪ੍ਰੋਫੈਸ਼ਨਲ ਢੰਗ ਨਾਲ ਤਿਆਰ ਕੀਤੀਆਂ ਗਈਆਂ ਸਨ ਅਤੇ ਉਹਨਾਂ ਦੀ ਟੀਮ ਵਲੋਂ ਗਾਏ ਗੀਤਾਂ ਦਾ ਰਿਕਾਰਡ "ਛੱਟਾ ਚਾਨਣਾ ਦਾ" ਰਿਕਾਰਡ ਕੀਤਾ ਗਿਆ ਸੀ। ਇਹਨਾਂ ਵੀਡੀਉ ਅਤੇ ਰਿਕਾਰਡ ਨੂੰ ਵੀ ਡਿਜੀਟਾਈਜ ਕਰਕੇ ਯੂ ਟਿਊਬ `ਤੇ ਪਾ ਦਿੱਤਾ ਹੈ।

ਸੰਨ 1987 ਵਿੱਚ ਪੰਜਾਬੀ ਲੇਖਕ ਮੰਚ ਵਲੋਂ ਵੈਨਕੂਵਰ ਵਿੱਚ ਪੰਜਾਬੀ ਸਾਹਿਤ ਬਾਰੇ ਕੈਨੇਡਾ ਪੱਧਰ ਦੀ ਕਾਨਫਰੰਸ ਕਰਵਾਈ ਗਈ ਸੀ। ਮੇਰੇ ਖਿਆਲ ਵਿੱਚ ਇਹ ਕਾਨਫਰੰਸ ਉੱਤਰੀ ਅਮਰੀਕਾ ਵਿੱਚ ਹੋਣ ਵਾਲੀ ਪਹਿਲੀ ਸਾਹਿਤਕ ਕਾਨਫਰੰਸ ਸੀ। ਇਹ ਕਾਨਫਰੰਸ ਦੋ ਦਿਨ ਚੱਲੀ। ਇਸ ਕਾਨਫਰੰਸ ਦੀ ਸਾਰੀ ਕਾਰਵਾਈ ਦੀ 18 ਘੰਟੇ ਲੰਮੀ ਵੀਡੀਓ ਨੂੰ ਵੀ ਡਿਜੀਟਾਈਜ ਕਰਕੇ ਯੂ ਟਿਊਬ `ਤੇ ਪਾ ਦਿੱਤਾ ਹੈ। ਇਹ ਵੀਡੀਓ ਭੁਪਿੰਦਰ ਧਾਲੀਵਾਲ ਨੇ ਤਿਆਰ ਕੀਤੀ ਸੀ। ਇਸ ਤੋਂ ਬਿਨਾਂ ਵੈਨਕੂਵਰ ਸੱਥ ਵਲੋਂ ਕੁੱਝ ਨਾਟਕਾਂ ਦੀਆਂ ਵੀਡੀਓ ਨੂੰ ਯੂ ਟਿਊਬ `ਤੇ ਪਾਇਆ ਹੈ।

ਇਸ ਤ੍ਰਹਾਂ ਪੰਜਾਬੀ ਸਾਹਿਤ ਨਾਲ ਸੰਬੰਧਿਤ ਸਮੱਗਰੀ ਦੀਆਂ ਆਰਕਾਈਵਾਂ ਨੂੰ ਤਿਆਰ ਕਰਨ ਦਾ ਕੰਮ ਚੱਲ ਰਿਹਾ ਹੈ। ਰਿਟਾਇਰਮੈਂਟ ਤੋਂ ਬਾਅਦ ਮੈਂ ਆਪਣੇ ਆਪ ਨਾਲ ਵਾਅਦਾ ਕੀਤਾ ਹੈ ਕਿ ਹਰ ਰੋਜ਼ ਘੱਟੋ ਘੱਟ ਇਕ ਘੰਟਾ ਜ਼ਰੂਰ ਇਸ ਕਾਰਜ ਲਈ ਲਾਉਣਾ ਹੈ। ਕਾਫੀ ਲੰਮੇ ਸਮੇਂ ਤੋਂ ਲਗਾਤਾਰਤਾ ਨਾਲ ਮੈਂ ਇਹ ਵਾਅਦਾ ਨਿਭਾਉਂਦਾ ਆ ਰਿਹਾ ਹਾਂ।

ਸਾਰੀ ਉਪ੍ਰੋਕਤ ਸਮੱਗਰੀ ਗੂਗਲ `ਤੇ ਸਰਚ ਕਰ ਕੇ ਸੌਖਿਆਂ ਹੀ ਲੱਭੀ ਜਾ ਸਕਦੀ ਹੈ। ਜੇ ਕਿਸੇ ਵਿਅਕਤੀ ਨੂੰ ਇਹ ਜਾਣਕਾਰੀ ਲੱਭਣ ਵਿੱਚ ਮੁਸ਼ਕਿਲ ਆਉਂਦੀ ਹੋਵੇ ਤਾਂ ਉਹ ਮੈਨੂੰ sukhwanthundal123@gmail.com `ਤੇ ਈਮੇਲ ਕਰ ਸਕਦਾ ਹੈ। ਮੈਂ ਉਸ ਜਾਣਕਾਰੀ ਦਾ ਲਿੰਕ ਉਸ ਵਿਅਕਤੀ ਨੂੰ ਭੇਜ ਦੇਵਾਂਗਾ।

**ਸਵਾਲ:** ਤੁਸੀਂ ਪੰਜਾਬੀ ਬੋਲੀ, ਪੰਜਾਬੀ ਸਾਹਿਤ ਪ੍ਰਤੀ ਕਨੇਡਾ ਵਿੱਚ ਰਹਿੰਦਿਆਂ ਕਾਫੀ ਕੰਮ ਕੀਤਾ ਹੈ। ਕਨੇਡਾ ਵਿੱਚ ਰਚੇ ਜਾ ਰਹੇ ਸਾਹਿਤ ਬਾਰੇ ਤੁਹਾਡਾ ਕੀ ਵਿਚਾਰ ਹੈ? ਕਨੇਡਾ ਵਿੱਚ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਦਾ ਕੀ ਭਵਿੱਖ ਹੈ?

**ਜਵਾਬ:** ਕਨੇਡਾ ਵਿੱਚ ਬਹੁਤ ਸਾਰਾ ਪੰਜਾਬੀ ਸਾਹਿਤ ਲਿਖਿਆ ਜਾ ਰਿਹਾ ਹੈ। ਸੈਂਕੜੇ ਲੇਖਕ ਇਸ ਕਾਰਜ ਵਿੱਚ ਲੱਗੇ ਹੋਏ ਹਨ। ਮੇਰੇ ਕੋਲੋਂ ਕੈਨੇਡਾ ਵਿੱਚ ਲਿਖਿਆ ਜਾ ਰਿਹਾ ਸਾਰਾ ਸਾਹਿਤ ਨਹੀਂ ਪੜ੍ਹ ਹੁੰਦਾ। ਇਸ ਕਰਕੇ ਮੇਰੇ ਲਈ ਇਸ ਬਾਰੇ ਕੋਈ ਪ੍ਰਮਾਣਿਕ ਟਿੱਪਣੀ ਕਰਨਾ ਮੁਸ਼ਕਿਲ ਹੈ।

ਮੇਰੇ ਵਲੋਂ ਜ਼ਿਆਦਾ ਤੌਰ `ਤੇ ਕੈਨੇਡਾ ਦਾ ਪੰਜਾਬੀ ਸਾਹਿਤ ਨਾ ਪੜ੍ਹੇ ਜਾਣ ਦਾ ਇਕ ਕਾਰਨ ਇਹ ਹੈ ਕਿ ਅੱਜ ਕੱਲ੍ਹ ਜਿਹਨਾਂ ਵਿਸ਼ਿਆਂ ਬਾਰੇ ਪੜ੍ਹਨ, ਸਮਝਣ ਅਤੇ ਲਿਖਣ ਬਾਰੇ ਮੇਰੀ ਦਿਲਚਸਪੀ ਹੈ, ਉਹਨਾਂ ਵਿਸ਼ਿਆਂ ਬਾਰੇ ਕੈਨੇਡਾ ਦੇ ਪੰਜਾਬੀ ਸਾਹਿਤ ਵਿੱਚ ਘੱਟ ਲਿਖਿਆ ਜਾ ਰਿਹਾ ਹੈ। ਉਦਾਹਰਨ ਲਈ ਮੈਂ ਪਿਛਲੇ 8-10 ਸਾਲਾਂ ਦੌਰਾਨ ਵਾਤਾਵਰਨ ਦੇ ਸੰਕਟ ਬਾਰੇ ਕਈ ਲੇਖ ਲਿਖੇ ਹਨ। ਇਸ ਲਈ ਇਹਨਾਂ ਸਾਲਾਂ ਦੌਰਾਨ ਮੈਂ ਜ਼ਿਆਦਾ ਕਰਕੇ ਵਾਤਾਵਰਨ ਦੇ ਸੰਕਟ ਬਾਰੇ ਪੜ੍ਹਦਾ ਰਿਹਾ ਹਾਂ। ਪਰ ਇਸ ਵਿਸ਼ੇ ਬਾਰੇ ਪੰਜਾਬੀ ਸਾਹਿਤਕਾਰ ਕਾਫੀ ਘੱਟ ਲਿਖਦੇ ਹਨ। ਨਾ ਵਾਰਤਕ ਅਤੇ ਨਾ ਹੀ ਕਹਾਣੀ-ਨਾਵਲ ਵਗੈਰਾ। ਇਹਨਾਂ ਦਿਨਾਂ ਵਿੱਚ ਇਕ ਹੋਰ ਵਿਸ਼ਾ ਮੇਰੀ ਦਿਲਚਸਪੀ ਦਾ ਕੇਂਦਰ ਬਣਿਆ ਹੋਇਆ ਹੈ। ਉਹ ਹੈ ਪਿਛਲੇ 30-35 ਸਾਲਾਂ ਵਿੱਚ ਵਿਕਸਤ ਹੋਈ ਇਨਫਰਮੇਸ਼ਨ ਤਕਨੋਲੋਜੀ (ਇੰਟਰਨੈੱਟ, ਵਰਲਡ ਵਾਈਡ ਵੈੱਬ ਦੀ ਕਾਢ, ਸੋਸ਼ਲ ਮੀਡੀਆ, ਆਰਟੀਫਿਸ਼ਲ ਇਨਟੈਲੀਜੈਂਸ ਆਦਿ)। ਇਸ ਬਾਰੇ ਵੀ ਕੈਨੇਡਾ ਦੇ ਪੰਜਾਬੀ ਲੇਖਕਾਂ ਵਲੋਂ ਬਹੁਤਾ ਕੁੱਝ ਨਹੀਂ ਲਿਖਿਆ ਗਿਆ ਜਾਂ ਉਨੀ ਡੂੰਘਾਈ ਵਿੱਚ ਨਹੀਂ ਲਿਖਿਆ ਗਿਆ, ਜਿੰਨੀ ਡੂੰਘਾਈ ਵਿੱਚ ਲਿਖੇ ਜਾਣ ਦੀ ਲੋੜ ਹੈ।

**ਸਵਾਲ:** ਸੁਖਵੰਤ ਹੁੰਦਲ ਜੀ ਅੰਤ ਵਿੱਚ ਕੁੱਝ ਹੋਰ ਕਹਿਣਾ ਚਾਹੋਗੇ?

**ਜਵਾਬ:** ਬਹੁਤਾ ਨਹੀਂ। ਆਪਾਂ ਕਾਫੀ ਗੱਲਾਂ ਕਰ ਲਈਆਂ ਹਨ। ਅੰਤ ਵਿੱਚ ਇਕ ਗੱਲ ਕੈਨੇਡਾ ਦੇ ਪੰਜਾਬੀ ਸਾਹਿਤ ਬਾਰੇ ਨਹੀਂ, ਸਗੋਂ ਸਮੁੱਚੇ ਪੰਜਾਬੀ ਸਾਹਿਤ ਬਾਰੇ ਕਰਨਾ ਚਾਹੁੰਦਾ ਹਾਂ। ਮੇਰਾ ਖਿਆਲ ਹੈ ਕਿ ਇਸ ਸਮੇਂ ਪੰਜਾਬੀ ਸਾਹਿਤ ਨਾਲ ਸੰਬੰਧਿਤ ਬਹੁਤ ਸਾਰੇ ਗੰਭੀਰ ਮਸਲੇ ਹਨ, ਜਿਹਨਾਂ ਬਾਰੇ ਸਾਨੂੰ ਗੱਲ ਕਰਨ ਦੀ ਲੋੜ ਹੈ, ਜਿਹਨਾਂ ਬਾਰੇ ਅਧਿਐਨ ਅਤੇ ਵਿਚਾਰ ਵਟਾਂਦਰਾ ਕਰਨ ਦੀ ਲੋੜ ਹੈ, ਪਰ ਅਸੀਂ ਉਹਨਾਂ ਮਸਲਿਆਂ ਬਾਰੇ ਗੱਲ ਨਹੀਂ ਕਰ ਰਹੇ। ਇਸ ਮਸਲੇ ਜਾਂ ਵਿਸ਼ੇ ਦੀ ਇਕ ਉਦਾਹਰਨ ਦਿੰਦਾ ਹਾਂ। ਇਹ ਵਿਸ਼ਾ ਹੈ: ਪੰਜਾਬੀ ਸਾਹਿਤ ਵਿੱਚ ਔਰਤ ਲੇਖਕਾਂ ਦੀ

ਸ਼ਮੂਲੀਅਤ। ਮੇਰੀ ਧਾਰਨਾ ਇਹ ਹੈ ਕਿ ਪੰਜਾਬੀ ਸਾਹਿਤ ਵਿੱਚ ਔਰਤਾਂ ਦੀ ਸ਼ਮੂਲੀਅਤ ਮਰਦਾਂ ਦੇ ਮੁਕਾਬਲੇ ਬਹੁਤ ਘੱਟ ਹੈ। ਮੇਰੀ ਇਹ ਧਾਰਨਾ ਮੇਰਾ ਕੋਈ ਖਿਆਲੀ ਵਿਚਾਰ ਨਹੀਂ ਹੈ ਸਗੋਂ ਤੱਥਾਂ `ਤੇ ਆਧਾਰਿਤ ਹੈ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਪਿਛਲੇ 7-8 ਸਾਲ ਤੋਂ ਮੈਂ ਪੰਜਾਬੀ ਦੇ ਮੈਗਜ਼ੀਨਾਂ ਦੇ ਆਰਕਾਈਵ ਤਿਆਰ ਕਰਨ `ਤੇ ਕੰਮ ਕਰ ਰਿਹਾ ਹਾਂ। ਇਹਨਾਂ ਮੈਗਜ਼ੀਨਾਂ ਦੇ ਆਰਕਾਈਵ ਬਣਾਉਣ ਸਮੇਂ ਮੈਂ ਇਹਨਾਂ ਮੈਗਜ਼ੀਨਾਂ ਵਿੱਚ ਛਪੀ ਸਮੱਗਰੀ ਦੇ ਇੰਡੈਕਸ ਵੀ ਤਿਆਰ ਕੀਤੇ ਹਨ। ਉਹਨਾਂ ਇੰਡੈਕਸਾਂ ਦੇ ਸਰਸਰੀ ਨਿਰੀਖਣ ਦੇ ਆਧਾਰ `ਤੇ ਮੈਂ ਕਹਿ ਸਕਦਾ ਹਾਂ ਕਿ ਵਤਨੋਂ ਦੂਰ ਅਤੇ ਵਤਨ ਵਿੱਚ ਛਪਣ ਵਾਲੇ ਕੁੱਲ ਲੇਖਕਾਂ ਵਿੱਚੋਂ ਔਰਤਾਂ ਲੇਖਕਾਂ ਦੀ ਗਿਣਤੀ 10% ਜਾਂ ਉਸ ਤੋਂ ਘੱਟ ਹੋਵੇਗੀ, ਸਿਰਜਣਾ ਵਿੱਚ ਇਹ ਗਿਣਤੀ 15% ਦੇ ਕਰੀਬ, ਸਮਤਾ ਵਿੱਚ 5% ਦੇ ਕਰੀਬ, ਸੇਧ ਵਿੱਚ 1-2% ਜਾਂ ਘੱਟ, ਕੈਨੇਡਾ ਦਰਪਣ ਵਿੱਚ 10% ਜਾਂ ਉਸ ਤੋਂ ਘੱਟ ਹੋਵੇਗੀ। ਚਿਰਾਗ ਵਿੱਚ ਵੀ ਛਪਣ ਵਾਲੀਆਂ ਔਰਤ ਲੇਖਕਾਂ ਦੀ ਗਿਣਤੀ ਕੁੱਲ ਲੇਖਕਾਂ ਦੀ ਗਿਣਤੀ ਦੇ 10 ਕੁ ਫੀਸਦੀ ਦੇ ਨੇੜੇ ਜਾਂ ਉਸ ਤੋਂ ਘੱਟ ਹੋਵੇਗੀ। ਇਹ ਮੇਰੀ ਇਹਨਾਂ ਪਰਚਿਆਂ ਬਾਰੇ ਸਰਸਰੀ ਨਿਰੀਖਣ ਦੇ ਆਧਾਰ `ਤੇ ਧਾਰਨਾ ਹੈ। ਮੈਂ ਚਾਹੁੰਦਾ ਹਾਂ ਕਿ ਕੋਈ ਵਿਦਵਾਨ ਜਾਂ ਇਕ ਤੋਂ ਵੱਧ ਵਿਦਵਾਨ (ਮਰਦ ਜਾਂ ਔਰਤਾਂ) ਇਸ ਮਸਲੇ `ਤੇ ਯੋਜਨਾਬੱਧ ਢੰਗ ਨਾਲ ਖੋਜ ਕਰਨ। ਜੇ ਅਸੀਂ ਇਹ ਖੋਜ ਕਰਦੇ ਵਕਤ ਸਾਹਿਤ ਦੇ ਵੱਖ ਵੱਖ ਰੂਪਾਂ ਜਿਵੇਂ ਕਵਿਤਾ, ਕਹਾਣੀ, ਆਲੋਚਨਾ, ਰਿਵੀਊ, ਸੰਪਾਦਕਾਂ ਨੂੰ ਆਏ ਖਤਾਂ ਆਦਿ ਦੀਆਂ ਸ਼੍ਰੇਣੀਆਂ ਬਣਾ ਕੇ ਉਹਨਾਂ ਨੂੰ ਘੋਖਾਂਗੇ ਤਾਂ ਨਤੀਜੇ ਹੋਰ ਵੀ ਦਿਲਚਸਪ ਹੋਣਗੇ। ਮੇਰੀ ਸਰਸਰੀ ਨਿਰੀਖਣ ਦੇ ਅਧਾਰ `ਤੇ ਰਾਇ ਹੈ ਕਿ ਔਰਤਾਂ ਲੇਖਕਾਂ ਦੀ ਗਿਣਤੀ ਕਵਿਤਾ, ਕਹਾਣੀ ਦੀ ਸ਼੍ਰੇਣੀ ਵਿੱਚ ਵੱਧ ਹੋਵੇਗੀ ਅਤੇ ਆਲੋਚਨਾ ਅਤੇ ਸੰਪਾਦਕਾਂ ਨੂੰ ਆਏ ਖਤਾਂ ਆਦਿ ਦੀ ਸ਼੍ਰੇਣੀ ਵਿੱਚ ਘੱਟ। ਇਹਨਾਂ ਪਰਚਿਆਂ ਵਿੱਚ ਛਪੇ ਮਰਦਾਂ ਅਤੇ ਔਰਤਾਂ ਦੀ ਗਿਣਤੀ ਦੀ ਨਿਸ਼ਾਨਦੇਹੀ ਕਰਨ ਤੋਂ ਬਾਅਦ ਸਾਨੂੰ ਇਹ ਸੁਆਲ ਪੁੱਛਣਾ ਪਵੇਗਾ ਕਿ ਅਜਿਹਾ ਕਿਉਂ ਹੈ। ਇਹਨਾਂ ਪਰਚਿਆਂ ਵਿੱਚ ਔਰਤਾਂ ਅਤੇ ਮਰਦਾਂ ਦੀ ਗਿਣਤੀ ਵਿਚਲੇ ਇਸ ਤ੍ਹਰਾਂ ਦੇ ਫਰਕ ਨਾਲ ਸਾਡੇ ਲਿਖੇ ਜਾ ਰਹੇ ਸਾਹਿਤ `ਤੇ ਕੀ ਅਸਰ ਪੈਂਦਾ ਹੈ? ਕਿਹੜੇ ਮਸਲੇ/ਮੁੱਦੇ/ਵਿਸ਼ੇ ਸਾਡੇ ਸਾਹਿਤ ਵਿੱਚ ਉਭਰ ਕੇ ਸਾਹਮਣੇ ਆਉਂਦੇ ਹਨ ਅਤੇ ਕਿਹੜੇ ਅਣਗੌਲੇ ਰਹਿ ਜਾਂਦੇ ਹਨ? ਇੱਥੇ ਮੈਂ ਉਦਾਹਰਨ ਦੇਣ ਲਈ ਇਕ ਮਸਲੇ ਜਾਂ ਇਕ ਵਿਸ਼ੇ ਬਾਰੇ ਗੱਲ ਕੀਤੀ ਹੈ। ਇਸ ਤ੍ਹਰਾਂ ਦੇ ਹੋਰ ਵੀ ਮਸਲੇ ਹੋਣਗੇ, ਜਿਹਨਾਂ ਬਾਰੇ ਗੱਲ ਕਰਨ ਦੀ ਲੋੜ ਹੈ ਪਰ ਉਹਨਾਂ ਬਾਰੇ ਗੱਲ ਨਹੀਂ ਕਰ ਰਹੇ। ਸੋ ਅੰਤ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਸ ਤ੍ਹਰਾਂ ਦੇ ਸਵਾਲਾਂ `ਤੇ ਕੰਮ ਕਰਨ ਦੀ ਬਹੁਤ ਲੋੜ ਹੈ।

**ਸਵਾਲ:** ਤੁਹਾਡੇ ਸਬਰ, ਖੁੱਲ੍ਹ ਕੇ ਗੱਲਬਾਤ ਕਰਨ ਅਤੇ ਸਮਾਂ ਦੇਣ ਲਈ ਧੰਨਵਾਦ।